# 'ਸ਼ਗਨਾਂ ਵੇਲਾ' ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ

**'SHAGNA VELA' LOK GEET SANGREH DA LOKDHARAI ADHYAN**

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ**

**ਦੇ ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**

**ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ**

**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**

**ਖੋਜ-ਪ੍ਰਬੰਧ**


**ਖੋਜਾਰਥੀ**

**ਕੁਲਵਿੰਦਰ ਕੌਰ**

**ਰਜਿ. ਨੰਬਰ 11512053**

**ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**

**ਸਹਾਇਕ ਪ੍ਰੋਫ਼ੈਸਰ**



**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ**

**2017**

# ਘੋਸ਼ਣਾ-ਪੱਤਰ

ਮੈਂ ਕੁਲਵਿੰਦਰ ਕੌਰ ਇਹ ਬਿਆਨ ਕਰਦੀ ਹਾਂ ਕਿ **"ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ"** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥਣ**

**ਕੁਲਵਿੰਦਰ ਕੌਰ**

**ਰਜਿ. ਨੰਬਰ - 11512053**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਕੁਲਵਿੰਦਰ ਕੌਰ ਨੇ "**ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ**" ਵਿਸ਼ੇ ਉੱਤੇ ਐਮ.ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**

**ਸਹਾਇਕ ਪ੍ਰੋਫ਼ੈਸਰ, ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,**

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)**

# ਤਤਕਰਾ

**ਭੂਮਿਕਾ** **1-6**

ਵਿਸ਼ੇ ਦੀ ਸਾਰਥਿਕਤਾ

ਉਦੇਸ਼

ਖੋਜ-ਵਿਧੀ

ਪੂਰਵ ਖੋਜ ਕਾਰਜ

**ਅਧਿਆਇ ਪਹਿਲਾ : ਲੋਕ-ਧਾਰਾ ਅਤੇ ਲੋਕ ਗੀਤ : ਸਿਧਾਂਤਕ ਪਰਿਪੇਖ** **7-19**

1.1 ਲੋਕਧਾਰਾ ਦਾ ਅਰਥ

1.2 ਲੋਕਧਾਰਾ ਦੀ ਪਰਿਭਾਸ਼ਾ

1.3 ਲੋਕਧਾਰਾ ਦੇ ਪ੍ਰਮੁੱਖ ਲੱਛਣ

1.4 ਲੋਕ ਸਾਹਿਤ ਦਾ ਵਰਗੀਕਰਨ

1.5 ਲੋਕ ਸਾਹਿਤ ਦੀ ਪਰਿਭਾਸ਼ਾ

1.6 ਲੋਕ ਗੀਤ ਦੀ ਪਰਿਭਾਸ਼ਾ

**ਅਧਿਆਇ ਦੂਜਾ : ਪ੍ਰੋ. ਪਰਮਜੀਤ ਕੌਰ ਨੂਰ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ** **20-25**

2.1 ਪ੍ਰੋ. ਪਰਮਜੀਤ ਕੌਰ ਨੂਰ ਦਾ ਜੀਵਨ ਅਤੇ ਰਚਨਾ

2.2 ਪ੍ਰੋ. ਪਰਮਜੀਤ ਕੌਰ ਨੂਰ ਦਾ ਸਾਹਿਤਕ ਪਿਛੋਕੜ

**ਅਧਿਆਇ ਤੀਜਾ : 'ਸ਼ਗਨਾਂ ਵੇਲਾ' ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ (ਪੰਜਾਬੀ ਲੋਕ ਜੀਵਨ, ਪੰਜਾਬੀ ਰਹੁ-ਰੀਤਾਂ, ਪੰਜਾਬੀ ਲੋਕ-ਵਿਸ਼ਵਾਸ)** **26-35**

3.1 ਸ਼ਗਨਾਂ ਵੇਲਾ ਵਿਚ ਪੇਸ਼ ਪੰਜਾਬੀ ਲੋਕ ਜੀਵਨ

3.2 ਸ਼ਗਨਾਂ ਵੇਲਾ ਵਿਚ ਪੇਸ਼ ਪੰਜਾਬੀ ਰਹੁ-ਰੀਤਾਂ

3.3 ਸ਼ਗਨਾਂ ਵੇਲਾ ਵਿੱਚ ਪੇਸ਼ ਪੰਜਾਬੀ ਲੋਕ ਵਿਸ਼ਵਾਸ

**ਅਧਿਆਇ ਚੌਥਾ : ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਪੇਸ਼ ਲੋਕ ਧੰਦੇ ਅਤੇ ਸਾਕਾਚਾਰੀ ਦਾ ਅਧਿਐਨ** **36-48**

4.1 ਸ਼ਗਨਾਂ ਵੇਲਾ ਵਿਚ ਪੇਸ਼ ਪੰਜਾਬੀ ਸਾਕਾਚਾਰੀ

4.2 ਸ਼ਗਨਾਂ ਵੇਲਾ ਵਿੱਚ ਪੇਸ਼ ਪੰਜਾਬੀ ਲੋਕ ਧੰਦੇ

**ਸਿੱਟਾ ਅਤੇ ਸਥਾਪਨਾਵਾਂ** **49-50**

**ਸਹਾਇਕ ਪੁਸਤਕ ਸੂਚੀ** **51**

## ਭੂਮਿਕਾ

ਪ੍ਰਸਤੁਤ ਖੋਜ ਵਿਸ਼ਾ ਪ੍ਰੋ. ਪਰਮਜੀਤ ਕੌਰ ਨੂਰ ਦੁਆਰਾ ਰਚਿਤ ਪੁਸਤਕ "**ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ**" ਹੈ। ਪ੍ਰੋ. ਪਰਮਜੀਤ ਕੌਰ ਨੂਰ ਬੜੀ ਹੀ ਉੱਚੀ ਅਤੇ ਸੁਚੱਜੀ ਸ਼ਖ਼ਸੀਅਤ ਦੀ ਮਾਲਕ ਹੈ। ਪ੍ਰੋ. ਪਰਮਜੀਤ ਕੌਰ ਨੂਰ ਨੇ ਦੁਆਬੇ ਅਤੇ ਮਾਝੇ ਦੇ ਲੋਕ ਗੀਤਾਂ ਨੂੰ ਇਕੱਤਰ ਕਰ ਕੇ ਆਪਣੇ ਲੋਕ ਗੀਤ ਸੰਗ੍ਰਹਿ ਸ਼ਗਨਾਂ ਵੇਲਾਂ ਵਿਚ ਸੰਪਾਦਿਤ ਕਰਨ ਦਾ ਮਹਾਨ ਕਾਰਜ ਕੀਤਾ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਪ੍ਰੋ. ਪਰਮਜੀਤ ਕੌਰ ਨੂਰ ਨੇ ਪੰਜਾਬੀ ਲੋਕ ਗੀਤਾਂ ਦੇ ਵੱਖ ਵੱਖ ਰੂਪਾਂ ਵਿਚੋਂ ਸੁਹਾਗ, ਘੋੜੀਆਂ, ਅਤੇ ਰਵਾਇਤੀ ਲੰਮੀ ਹੇਕ ਦੇ ਗੀਤਾਂ ਨੂੰ ਆਪਣੇ ਲੋਕ ਗੀਤ ਸੰਗ੍ਰਹਿ ਸ਼ਗਨਾਂ ਵੇਲਾ ਵਿਚ ਸੰਪਾਦਿਤ ਕਰਨ ਸੁਚੱਜਾ ਕਾਰਜ ਕੀਤਾ ਹੈ।

ਸਾਹਿਤ ਸਿਰਜਣਾ ਇੱਕ ਜੀਵਤ ਅਤੇ ਗਤੀਸ਼ੀਲ ਪ੍ਰਕਿਰਿਆ ਹੈ। ਸਾਹਿਤ ਦੇ ਮਾਧਿਅਮ ਦੁਆਰਾ ਵਿਅਕਤੀ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ। ਸਾਹਿਤ ਨੂੰ ਗਿਆਨ ਦਾ ਉੱਤਮ ਸਰੂਪ ਮੰਨਿਆ ਗਿਆ ਹੈ। ਸਾਹਿਤ ਹੀ ਸੱਚੇ-ਸੁੱਚੇ ਵਿਚਾਰਾਂ ਅਤੇ ਉਚੇਰੀਆਂ ਭਾਵਨਾਵਾਂ ਦਾ ਭੰਡਾਰ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਇੱਕ ਸਮਾਜਿਕ ਸੰਸਥਾ ਹੈ। ਲੋਕ ਦਿਲਾਂ ਦੀ ਆਵਾਜ਼ ਅਤੇ ਹਰਕਤ ਦਾ ਪ੍ਰਗਟਾਵਾ ਸੰਬੰਧਿਤ ਸਮੂਹ ਵਿਚੋਂ ਮਿਲਦਾ ਹੈ। ਸਾਹਿਤ ਮਨੁੱਖੀ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੁੰਦਾ ਹੈ। ਸਾਹਿਤ ਦੇ ਦੋ ਰੂਪ ਹਨ। ਇੱਕ ਲਿਖਤੀ ਸਾਹਿਤ ਅਤੇ ਦੂਸਰਾ ਮੌਖਿਕ । ਮੌਖਿਕ ਸਾਹਿਤ ਦਾ ਸੰਚਾਰ ਬੋਲੀ ਰਾਹੀਂ ਹੁੰਦਾ ਹੈ। ਲੋਕ ਸਾਹਿਤ ਸਮੇਂ ਨਾਲ ਬੱਝਾ ਹੋਇਆ ਨਹੀਂ ਹੁੰਦਾ, ਸਗੋਂ ਨਿਰੰਤਰ ਚਲਦਾ ਰਹਿੰਦਾ ਹੈ। ਪਰ ਇਹ ਰਚਨਾ ਮੂੰਹੋਂ-ਮੂੰਹੀਂ ਤੁਰਦੀ ਰੂਪ ਵਟਾਉਂਦੀ ਰਹਿੰਦੀ ਹੈ। ਲੋਕ ਸਾਹਿਤ ਦੇ ਖੇਤਰ ਵਿਚ ਲੋਕ ਗੀਤ, ਲੋਕ ਕਹਾਣੀਆਂ, ਲੋਕ ਕਥਾਵਾਂ, ਬੁਝਾਰਤਾਂ, ਅਖਾਣ/ਕਹਾਵਤਾਂ, ਮੁਹਾਵਰੇ, ਲੋਕ ਸ਼ਬਦਾਵਲੀ ਆਦਿ ਲੋਕ ਜੀਵਨ ਨਾਲ ਸੰਬੰਧਿਤ ਲੋਕ ਸਾਹਿਤ ਦੇ ਰੂਪ ਆ ਜਾਂਦੇ ਹਨ।

ਲੋਕ ਗੀਤ ਲੋਕ ਕਾਵਿ ਦੀ ਇੱਕ ਮਹੱਤਵਪੂਰਨ ਵੰਨਗੀ ਹੈ। ਇਹ ਲੋਕਾਂ ਦੁਆਰਾ ਗਾਏ ਅਤੇ ਰਚੇ ਜਾਂਦੇ ਹਨ ਅਤੇ ਲੋਕ ਸਮੂਹ ਹੀ ਪ੍ਰਵਾਨਗੀ ਦੇ ਕੇ ਇਸ ਨੂੰ ਅੱਗੇ ਤੋਰਦਾ ਹੈ। ਲੋਕ ਗੀਤ ਲੋਕ ਸਾਹਿਤ ਦਾ ਮਹੱਤਵਪੂਰਨ ਅੰਗ ਹਨ। ਇਹ ਲੋਕਾਂ ਦੇ ਖੁੱਲ੍ਹੇ ਅਤੇ ਆਜ਼ਾਦ ਭਾਵ ਹਨ, ਜੋ ਵਧੇਰੇ ਕਰ ਕੇ ਕਵਿਤਾ ਵਿਚ ਹੁੰਦੇ ਹਨ। ਲੋਕ ਗੀਤ ਲੋਕਾਂ ਦੇ ਅਜਿਹੇ ਖੁੱਲ੍ਹੇ ਭੇਦ ਹਨ, ਜਿਸ ਦੇ ਖੇਤਰ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਜੰਮਣ ਤੋਂ ਲੈ ਕੇ ਮਰਨ ਤਕ ਦੀਆਂ ਰਸਮਾਂ ਦਾ ਅਧਿਐਨ ਮਿਲਦਾ ਹੈ। ਪੰਜਾਬ ਦੇ ਲੋਕ ਗੀਤਾਂ ਵਿਚ ਪੰਜਾਬੀ ਸਭਿਆਚਾਰ ਦੀ ਤਸਵੀਰ ਝਲਕਾਰੇ ਮਾਰਦੀ ਹੋਈ ਨਜ਼ਰ ਆਉਂਦੀ ਹੈ। ਲੋਕ ਗੀਤ ਕਿਸੇ ਵੀ ਸਭਿਆਚਾਰ ਦਾ ਅਮੀਰ ਅਤੇ ਵਡਮੁੱਲਾ ਖ਼ਜ਼ਾਨਾ ਹੁੰਦੇ ਹਨ। ਪੰਜਾਬੀ ਮਨੁੱਖ ਗੀਤਾਂ ਵਿਚ ਜੰਮਦਾ ਲੋਰੀਆਂ ਲੈਂਦਾ ਤੇ ਕਿੱਕਲੀ ਵਿਚ ਪਲਦਾ, ਢੋਲੇ ਗਾਉਂਦੇ ਹੋਏ ਜਵਾਨੀ ਮਾਣਦੇ ਹਨ, ਸੁਹਾਗ ਅਤੇ ਘੋੜੀਆਂ ਵਿਚ ਆਪਣੇ ਗ੍ਰਹਿ ਸੱਥ ਜਾਂ ਸ਼ਾਦੀ-ਸ਼ੁਦਾ ਜੀਵਨ ਦੀ ਸ਼ੁਰੂਆਤ ਕਰਦੇ ਹਨ, ਅਤੇ ਹਰ

ਖ਼ੁਸ਼ੀ ਦੇ ਮੌਕੇ ਤੇ ਲੰਮੇ ਗੀਤ ਗਾ ਕੇ ਆਪਣੀ ਖ਼ੁਸ਼ੀ ਅਤੇ ਭਾਵਾਂ ਦਾ ਪ੍ਰਗਟਾਵਾ ਕਰਦੇ ਹਨ, ਵੈਣ ਅਤੇ ਆਲੁਹਣੀਆਂ ਵਿਚ ਇਸ ਸੰਸਾਰ ਯਾਤਰਾ ਨੂੰ ਅਲਵਿਦਾ ਕਹਿ ਜਾਂਦੇ ਹਨ। ਲੋਕ ਗੀਤਾਂ ਵਿਚੋਂ ਮਨੁੱਖ ਦਾ ਅਤੀਤ, ਵਰਤਮਾਨ ਅਤੇ ਭਵਿੱਖ ਲਿਸ਼ਕੋਰਾਂ ਮਾਰਦਾ ਹੈ। ਇਹਨਾਂ ਲੋਕ ਗੀਤਾਂ ਰਾਹੀ ਲੋਕਾਂ ਦੇ ਮਨਾਂ ਦੀਆਂ ਸੰਵੇਦਨਸ਼ੀਲ ਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਇਹਨਾਂ ਲੋਕ ਗੀਤਾਂ ਰਾਹੀ ਪੰਜਾਬੀ ਲੋਕਾਂ ਦੀਆਂ ਭਾਵਨਾਵਾਂ, ਅਤ੍ਰਿਪਤ ਭਾਵਨਾਵਾਂ, ਅਧੂਰੇ ਚਾਅ ਅਤੇ ਰੀਝਾਂ ਨੂੰ ਪ੍ਰਗਟਾਇਆਂ ਜਾਂਦਾ ਹੈ।

ਇਸ ਤਰ੍ਹਾਂ ਲੋਕ ਗੀਤਾਂ ਬਾਰੇ ਉਪਰੋਕਤ ਵਿਚਾਰ ਚਰਚਾ ਪਿੱਛੋਂ ਸੰਖੇਪ ਰੂਪ ਵਿਚ ਕਹਿ ਸਕਦੇ ਹਾਂ ਕਿ ਲੋਕ ਗੀਤ ਕਿਸੇ ਸਥਾਨਕ ਸਮੂਹ ਦੀ ਲੋਕ ਅਭਿਵਿਅਕਤੀ ਦਾ ਸ਼ਾਬਦਿਕ ਅਤੇ ਮੌਖਿਕ ਪ੍ਰਗਟਾਵਾ ਹਨ, ਜਿਸ ਵਿਚ ਕਿਸੇ ਜਾਤੀ ਸਮੂਹ ਦੇ ਜ਼ਿੰਦਗੀ ਨਾਲ ਜੁੜੇ ਉਹ ਸਾਰੇ ਰੀਤੀ-ਰਿਵਾਜ ਅਤੇ ਸੰਸਕਾਰ ਹੁੰਦੇ ਹਨ ਜੋ ਉਸ ਸਮੂਹ ਦੇ ਜੀਵਤ ਹੋਣ ਦਾ ਪ੍ਰਮਾਣ ਹਨ।

ਇਸ ਖੋਜ ਕਾਰਜ ਨੂੰ ਕੁੱਲ ਚਾਰ ਅਧਿਆਇ ਵਿਚ ਮੁਕੰਮਲ ਕੀਤਾ ਗਿਆ ਹੈ।

ਖੋਜ ਕਾਰਜ ਦਾ ਅਧਿਆਇ ਪਹਿਲਾ- ਲੋਕਧਾਰਾ ਅਤੇ ਲੋਕਗੀਤ : ਸਿਧਾਂਤਕ ਪਰਿਪੇਖ ਹੈ ਜਿਸ ਵਿਚ ਲੋਕਧਾਰਾ ਦੇ ਅਰਥ, ਲੋਕਧਾਰਾ ਦੀ ਪਰਿਭਾਸ਼ਾ, ਲੋਕਧਾਰਾ ਦੇ ਤੱਤ ਜਾਂ ਲੱਛਣ ਅਤੇ ਲੋਕਧਾਰਾ ਦੇ ਮੌਖਿਕ ਰੂਪ ਲੋਕ ਗੀਤ, ਲੋਕ ਸਾਹਿਤ ਦਾ ਵਰਗੀਕਰਨ, ਲੋਕ ਸਾਹਿਤ ਦੀ ਪਰਿਭਾਸ਼ਾ, ਅਤੇ ਵੱਖ-ਵੱਖ ਵਿਦਵਾਨਾਂ ਦੀਆਂ ਲੋਕ ਗੀਤ ਨਾਲ ਸੰਬੰਧਿਤ ਪਰਿਭਾਸ਼ਾਵਾਂ ਦਿੱਤੀਆਂ ਹਨ।

ਖੋਜ ਕਾਰਜ ਦਾ ਅਧਿਆਇ ਦੂਜਾ- ਪ੍ਰੋ. ਪਰਮਜੀਤ ਕੌਰ ਨੂਰ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ ਹੈ। ਇਸ ਅਧਿਆਇ ਵਿਚ ਪ੍ਰੋ. ਪਰਮਜੀਤ ਕੌਰ ਨੂਰ ਦਾ ਜਨਮ, ਰਚਨਾਵਾਂ ਅਤੇ ਸਾਹਿਤਕ ਪਿਛੋਕੜ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ ਹੈ। ਇਹ ਸਮਾਜ ਵਿਚ ਹੋ ਰਹੇ ਅਨਿਆਂ ਤੇ ਦਲਿਤ ਵਰਗ ਦੀ ਪ੍ਰਤੀਨਿਧਤਾ ਕਰਨ ਦੇ ਹੱਕ ਵਿਚ ਉੱਭਰਦੇ ਹਨ। ਇਨ੍ਹਾਂ ਦੁਆਰਾ ਇਕੱਠੇ ਕੀਤੇ ਲੋਕ ਗੀਤਾਂ ਵਿਚ ਅਨਜੋੜ ਵਿਆਹ, ਪੁੱਤਰ-ਧੀ ਵਿਚ ਮਾਪਿਆ ਦਾ ਪੱਖ-ਪਾਤੀ ਨਜ਼ਰੀਆ, ਨੂੰਹ-ਸੱਸ ਦੀ ਲੜਾਈ ਤੇ ਸੌਂਕਣ ਵਰਗੇ ਨਾਜਾਇਜ਼ ਰਿਸ਼ਤੇ ਆਦਿ ਵਰਗੇ ਵਿਸ਼ਿਆਂ ਦੀ ਗੱਲ ਕੀਤੀ। ਅਨਜੋੜ ਵਿਆਹ ਦਾ ਮੁੱਖ ਕਾਰਨ ਆਰਥਿਕ ਮੰਦਹਾਲੀ ਹੈ, ਜਿਸ ਦੇ ਸੰਤਾਪ ਵਜੋਂ ਮਾਪੇ ਆਪਣੀ ਧੀ ਦਾ ਵਿਆਹ ਵੱਧ ਉਮਰ ਭਾਵ ਕਿਸੇ ਬੁੱਢੇ ਵਿਅਕਤੀ ਨਾਲ ਕਰਨ ਲਈ ਵੀ ਰਾਜ਼ੀ ਹੋ ਜਾਂਦੇ ਹਨ। ਸੋ ਇਸ ਅਧਿਆਇ ਵਿਚ ਸਮਾਜ ਦੀ ਇਸ ਭੈੜੀ ਕੁਰੀਤੀ ਦੇ ਕਾਰਨ ਤੇ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਜ਼ਿਕਰ ਹੀ ਨਹੀਂ ਕੀਤਾ ਗਿਆ, ਬਲਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਵੀ ਪੇਸ਼ ਕੀਤਾ ਹੈ।

ਖੋਜ ਕਾਰਜ ਦਾ ਅਧਿਆਇ ਤੀਜਾ- ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ ਹੈ। ਇਸ ਅਧਿਆਇ ਵਿਚ ਪ੍ਰੋ. ਪਰਮਜੀਤ ਕੌਰ ਨੂਰ ਦੇ ਲੋਕ ਗੀਤ ਸੰਗ੍ਰਹਿ 'ਸ਼ਗਨਾਂ ਵੇਲਾ' ਦਾ ਲੋਕ-ਧਰਾਈ ਅਧਿਐਨ ਕੀਤਾ ਗਿਆ ਹੈ ਜਿਸ ਵਿਚ ਲੋਕ ਜੀਵਨ, ਰਹੁ- ਰੀਤਾਂ, ਲੋਕ-ਵਿਸ਼ਵਾਸ ਆਦਿ ਵਿਸ਼ਿਆਂ ਨੂੰ ਅਧਾਰ ਬਣਾਇਆ ਗਿਆ ਹੈ।

ਖੋਜ ਕਾਰਜ ਦਾ ਅਧਿਆਇ ਚੌਥਾ- ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਪੇਸ਼ ਲੋਕ ਧੰਦੇ ਅਤੇ ਸਾਕਾਚਾਰੀ ਦਾ ਅਧਿਐਨ ਹੈ ਇਸ ਅਧਿਆਇ ਵਿਚ ਸ਼ਗਨਾਂ ਵੇਲਾ ਪੁਸਤਕ ਵਿਚ ਦਰਜ਼ ਲੋਕ-ਕਾਵਿ ਵਿਚ ਪੇਸ਼ ਪੰਜਾਬ ਦੇ ਲੋਕ ਧੰਦੇ ਤੇ ਸਾਕਾਚਾਰੀ ਦਾ ਅਧਿਐਨ ਕੀਤਾ ਗਿਆ ਹੈ।

ਅੰਤ ਵਿਚ ਸਥਾਪਨਾਵਾਂ ਤੇ ਸਿੱਟੇ ਪੇਸ਼ ਕੀਤੇ ਗਏ ਹਨ।

## ਵਿਸ਼ੇ ਦੀ ਸਾਰਥਿਕਤਾ

ਸਾਡੇ ਸਮਾਜ ਵਿਚ ਕਿਸੇ ਨਾ ਕਿਸੇ ਸਮੱਸਿਆ ਨੂੰ ਲੈ ਕੇ ਹਮੇਸ਼ਾ ਹੀ ਉਥਲ-ਪੁਥਲ ਮੱਚਦੀ ਰਹੀ ਹੈ। ਇਹ ਸਮੱਸਿਆ ਕੋਈ ਵੀ ਹੋ ਸਕਦੀ ਜਿਵੇਂ ਧਾਰਮਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ ਆਦਿ। ਆਧੁਨਿਕਤਾ ਦੇ ਪ੍ਰਭਾਵ ਕਾਰਨ ਸਾਡੇ ਸਮਾਜ ਵਿਚ ਵਿਸ਼ਵੀਕਰਨ ਦੀ ਦਖ਼ਲ ਅੰਦਾਜ਼ੀ ਵੱਧ ਰਹੀ ਹੈ। ਪੂਰਾ ਸੰਸਾਰ ਗਲੋਬਲ ਪਿੰਡ ਬਣ ਚੁੱਕਾ ਹੈ। ਜਿਸ ਕਾਰਨ ਅਸੀਂ ਗਲੋਬਲ ਕਲਚਰ ਵੱਲ ਢਲਦੇ ਜਾ ਰਹੇ ਹਾਂ। ਗਲੋਬਲ ਪਿੰਡ ਦੀ ਹੋਂਦ ਨੇ ਸਾਧਾਰਨ ਲੋਕਾਂ ਦੇ ਜੀਵਨ ਵਿਚ ਰਵਾਇਤੀ ਜੀਵਨ ਨੂੰ ਖ਼ਤਮ ਕਰ ਦਿੱਤਾ ਹੈ। ਗਲੋਬਲ ਪਿੰਡ ਦੇ ਵਸਨੀਕ ਹੁਣ ਘੁੰਮਣ –ਘੇਰੀ ਵਿਚ ਪੈ ਗਏ ਹਨ।

ਇਹ ਖੋਜ ਕਾਰਜ ਮਾਝੇ ਅਤੇ ਦੁਆਬੇ ਦੀਆਂ ਔਰਤਾਂ ਦੇ ਸਮਾਜਿਕ, ਆਰਥਿਕ ਹਾਲਾਤ, ਸਭਿਆਚਾਰ, ਰਿਸ਼ਤੇ ਨਾਤਿਆਂ ਨੂੰ ਦ੍ਰਿਸ਼ਟੀ- ਗੋਚਰ ਕਰਨ ਵਿਚ ਸਾਰਥਿਕ ਹੋਵੇਗਾ।

## ਉਦੇਸ਼

ਹਰ ਖੋਜ ਕਾਰਜ ਦਾ ਕੋਈ ਨਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਕਿਸੇ ਉਦੇਸ਼ ਤੋਂ ਬਿਨਾਂ ਕੋਈ ਵੀ ਖੋਜ ਕਾਰਜ ਨੇਪਰੇ ਚੜ੍ਹਨਾ ਅਸੰਭਵ ਹੈ । ਮੇਰੇ ਖੋਜ ਕਾਰਜ ਦੇ ਹੇਠਾਂ ਲਿਖੇ ਉਦੇਸ਼ ਹਨ।

1. ਲੋਕਧਾਰਾ ਅਤੇ ਲੋਕ ਸਾਹਿਤ ਦੇ ਸਿਧਾਂਤਕ ਪਰਿਪੇਖ ਨੂੰ ਵਿਚਾਰਨਾ
2. ਪ੍ਰੋ. ਪਰਮਜੀਤ ਕੌਰ ਨੂਰ ਦੁਆਰਾ ਰਚਿਤ ਪੁਸਤਕ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਪੇਸ਼ ਲੋਕ ਗੀਤਾਂ ਦਾ ਪੰਜਾਬੀ ਲੋਕਧਾਰਾ ਦੇ ਪੱਖ ਤੋਂ ਅਧਿਐਨ ਕਰਨਾ
3. ਲੋਕ ਗੀਤ ਸੰਗ੍ਰਹਿ ਪੁਸਤਕ ਸ਼ਗਨਾਂ ਵੇਲਾ ਵਿਚੋਂ ਪੰਜਾਬੀ ਲੋਕਧਾਰਾ ਨਾਲ ਸੰਬੰਧਿਤ ਮੁੱਲਵਾਨ ਪ੍ਰਾਪਤੀਆਂ ਦਾ ਮੌਜੂਦਾ ਪੰਜਾਬੀ ਲੋਕ ਜੀਵਨ ਉਤੇ ਪ੍ਰਭਾਵ ਦਰਸਾਉਣਾ ਅਤੇ ਸਥਾਨ ਨਿਰਧਾਰਿਤ ਕਰਨਾ
4. 'ਸ਼ਗਨਾਂ ਵੇਲਾ" ਲੋਕ ਗੀਤ ਸੰਗ੍ਰਹਿ ਵਿਚਲੇ ਸਾਹਿਤਕ ਜੀਵਨ ਮੁੱਲਾਂ ਦੀ ਅਮੀਰੀ ਨੂੰ ਉਜਾਗਰ ਕਰ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਪਿਛੋਕੜ ਨਾਲ ਜੋੜਨਾ।

## ਖੋਜ ਵਿਧੀ

ਖੋਜ ਕਾਰਜ ਵਿਚ ਵਿਧੀ ਦੀ ਅਹਿਮ ਭੂਮਿਕਾ ਹੁੰਦੀ ਹੈ। ਵਿਧੀ ਤੋਂ ਬਿਨਾਂ ਖੋਜ ਕਰਨਾ ਅਸੰਭਵ ਹੈ। ਹਰ ਖੋਜਾਰਥੀ ਆਪਣੇ ਖੋਜ ਕਾਰਜ ਨੂੰ ਕਰਨ ਲਈ ਕਿਸੇ ਨਾ ਕਿਸੇ ਵਿਧੀ ਨੂੰ ਆਧਾਰ ਬਣਾਉਂਦਾ ਹੈ। ਜੇਕਰ ਕਿਸੇ ਖੋਜ ਵਿਧੀ ਨੂੰ ਖੋਜ ਕਾਰਜ ਦਾ ਆਧਾਰ ਬਣਾਇਆ ਜਾਵੇਗਾ ਤਾਂ ਹੀ ਕਿਸੇ ਖੋਜ ਕਾਰਜ ਦੇ ਸਾਰਥਿਕ ਸਿੱਟਿਆਂ ਤੱਕ ਪਹੁੰਚਿਆ ਜਾ ਸਕਦਾ ਹੈ। ਇਸ ਖੋਜ ਕਾਰਜ ਵਿਚ ਮਨੋਂ ਵਿਸ਼ਲੇਸ਼ਣ ਵਿਧੀ ਵਰਤੀ ਗਈ ਹੈ। ਇਸ ਵਿਧੀ ਰਾਹੀ ਲੋਕਾਂ ਦੇ ਮਨੋਭਾਵਾਂ, ਉਨ੍ਹਾਂ ਦੀਆਂ ਮਨੋਂ-ਸਥਿਤੀਆਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਖੋਜ ਕਾਰਜ ਵਿਚ ਸਮਾਜ ਸ਼ਾਸਤਰੀ ਵਿਧੀ ਦੀ ਵਰਤੋਂ ਵੀ ਕੀਤੀ ਗਈ ਹੈ ਤਾਂ ਅਸੀਂ ਸਮਾਜਕ ਪੱਧਰ ਤੇ ਲੋਕ ਗੀਤਾਂ ਦਾ ਮੁਲਾਂਕਣ ਕਰ ਸਕੇ।

## ਪੂਰਵ ਖੋਜ ਕਾਰਜ

1. ਖੋਜਾਰਥਣ ਜਤਿੰਦਰ ਕੌਰ, ਨਿਗਰਾਨ ਡਾ. ਕਰਮਜੀਤ ਸਿੰਘ, ਵਿਸ਼ਾ: ਨਾਰੀਵਾਦ ਚਿੰਤਨ ਅਤੇ ਪੰਜਾਬੀ ਲੋਕ ਗੀਤ ਇੱਕ ਅਧਿਐਨ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2008 ਵਿਚ ਇਹ ਖੋਜ ਕਾਰਜ ਸੰਪੰਨ ਕੀਤਾ। ਇਸ ਖੋਜ ਕਾਰਜਵਿਚ 'ਨਾਰੀ ਵਾਦੀ ਚਿੰਤਨ ਅਤੇ ਪੰਜਾਬੀ ਲੋਕਗੀਤ ਇੱਕ ਅਧਿਐਨ' ਵਿਸ਼ੇ ਨੂੰ ਅਧਾਰ ਬਣਾਇਆ। ਇਸ ਖੋਜ ਕਾਰਜ ਵਿਚ ਨਾਰੀ ਵਾਦੀ ਭਾਵਨਾਵਾਂ ਨੂੰ ਲੋਕ-ਗੀਤਾਂ ਦੇ ਮਾਧਿਅਮ ਰਾਹੀ ਪ੍ਰਗਟਾਇਆ ਗਿਆ ਹੈ। ਇਸ ਵਿਚ ਨਾਰੀ ਵਾਦੀ ਚਿੰਤਨ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ ਅਤੇ ਔਰਤ ਦੀ ਸੰਵੇਦਨਾ ਬਾਰੇ ਗੱਲ ਕੀਤੀ ਗਈ ਹੈ। ਔਰਤ ਦੇ ਗੀਤਾਂ ਵਿਚ ਮਰਦ ਦਾ ਸਰੂਪ ਪੇਸ਼ ਕੀਤਾ ਗਿਆ ਹੈ। ਲੋਕ ਗੀਤਾਂ ਵਿਚ ਨਾਰੀ ਦਾ ਅਹਿਮ ਸਥਾਨ ਹੈ। ਲੋਕ ਗੀਤਾਂ ਵਿਚ ਨਾਰੀ ਦਾ ਦੁੱਖ ਪ੍ਰਗਟਾਇਆ ਗਿਆ ਹੈ। ਨਾਰੀ ਹੀ ਸਮਾਜ ਦੀ ਜਨਮਦਾਤੀ ਹੈ। ਜਿਸ ਦੀ ਸਮਾਜ ਵਿਚ ਔਰਤ ਦੀ ਦੁਰਦਸ਼ਾ ਅਤੇ ਔਰਤ ਦੇ ਮਾਨਵੀ ਭਾਵਾਂ ਨੂੰ ਪੇਸ਼ ਕੀਤਾ ਹੈ।

ਖੋਜਾਰਥੀ ਜਤਿੰਦਰ ਕੌਰ ਨੇ ਆਪਣੇ ਖੋਜ ਕਾਰਜ ਵਿਚ ਇਸਤਰੀ ਦੀ ਸਮਾਜਿਕ ਬਣਤਰ ਨੂੰ ਵੀ ਬਿਆਨ ਕੀਤਾ ਹੈ ਅਤੇ ਸਿੱਧ ਕੀਤਾ ਹੈ ਕਿ ਔਰਤ ਨਾਲ ਹਰ ਸਮੇਂ ਵਿਤਕਰਾ ਹੀ ਹੁੰਦਾ ਰਿਹਾ ਹੈ। ਜਿਸ ਨੂੰ ਖੋਜ ਕਾਰਜ ਵਿਚ ਲੋਕ ਗੀਤਾਂ ਦੇ ਬਿੰਬਾਂ ਰਾਹੀ ਪੇਸ਼ ਕੀਤਾ ਗਿਆ ਹੈ। ਇਹਨਾਂ ਬਿੰਬਾਂ ਵਿਚ ਪ੍ਰਕ੍ਰਿਤਿਕ ਬਿੰਬ, ਭਾਵਾਤਮਿਕ ਬਿੰਬ ਤੇ ਇਤਿਹਾਸ ਤੇ ਮਿਥਿਹਾਸਿਕ ਬਿੰਬ ਵਿਸ਼ੇਸ਼ ਜ਼ਿਕਰਯੋਗ ਹਨ।

2. ਖੋਜਾਰਥਣ ਕੁਲਵਿੰਦਰ ਕੌਰ ਬੀਨਾ, ਨਿਗਰਾਨ ਡਾ. ਕਵਲਜੀਤ ਗਰੋਵਰ, ਪੰਜਾਬੀ ਲੋਕ ਗੀਤਾਂ ਵਿਚ ਰਿਸ਼ਤਾ-ਨਾਤਾ ਪ੍ਰਣਾਲੀ ਅਤੇ ਇਸ ਦੀ ਸਭਿਆਚਾਰ ਸਾਰਥਿਕਤਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,1999 ਵਿਚ ਸੰਪੰਨ ਕੀਤਾ। ਕੁਲਵਿੰਦਰ ਕੋਰ ਬੀਨਾ ਨੇ ਆਪਣੇ ਖੋਜ ਵਿਚ ਪੰਜਾਬੀ ਲੋਕ ਗੀਤਾਂ ਨੂੰ ਰਿਸ਼ਤਾ ਨਾਤਾ ਪ੍ਰਣਾਲੀ ਆਧਾਰ ਬਣਾ ਕੇ ਅਧਿਐਨ ਕੀਤਾ ਹੈ। ਰਿਸ਼ਤਿਆਂ ਦਾ ਵਰਗੀਕਰਨ ਕੀਤਾ ਗਿਆ ਹੈ। ਧੀ ਤੇ ਬਾਪ ਦਾ ਰਿਸ਼ਤਾ, ਮਾਂ ਤੇ ਦੀ ਦਾ ਰਿਸ਼ਤਾ, ਭੈਣ ਤੇ ਭਰਾ ਦਾ ਰਿਸ਼ਤਾ, ਭੈਣ ਅਤੇ ਭਰਾ ਦਾ ਰਿਸ਼ਤਾ ਅਤੇ ਦਿਲੀ ਸਾਂਝ ਨੂੰ ਬਿਆਨ ਕੀਤਾ ਗਿਆ ਹੈ। ਬੀਨਾ ਨੇ ਰਿਸ਼ਤਿਆਂ ਨਾਤਿਆਂ ਦੇ ਬਦਲਦੇ ਸਰੂਪ ਨੂੰ ਪੇਸ਼ ਕੀਤਾ ਹੈ ਕਿ ਰਿਸ਼ਤੇ ਨਾਤੇ ਨਾਮ ਦੇ ਹਨ ਦਿਲੀ ਪ੍ਰੇਮ ਤਾਂ ਖ਼ਤਮ ਹੈ। ਕੁਲਵਿੰਦਰ ਕੌਰ ਬੀਨਾ ਨੇ ਆਪਣੇ ਖੋਜ ਕਾਰਜ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਵਿਚ ਅਲੋਪ ਰਹੇ। ਰਿਸ਼ਤੇ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਆਧੁਨਿਕ ਸਮੇਂ ਵਿਚ ਰਿਸ਼ਤੇ ਨਾਤੇ ਦਿਖਾਵਾ ਹੀ ਹਨ। ਕੁਲਵਿੰਦਰ ਕੌਰ ਬੀਨਾ ਲੋਕ ਗੀਤਾਂ ਵਿਚ ਸਭਿਆਚਾਰ ਦੇ ਸਮਾਜਿਕ ਲੋਕ ਗੀਤਾਂ ਵਿਚ ਸਭਿਆਚਾਰ ਦੇ ਸਮਾਜਿਕ ਆਰਥਿਕ ਪਰਿਵਰਤਨਾਂ ਨੂੰ ਪੇਸ਼ ਕਰਦੀ ਹੈ।

3. 'ਪੁਣਛ ਦੀ ਲੋਕਧਾਰਾ' ਭੁਪਿੰਦਰ ਸਿੰਘ ਦੁਆਰਾ ਲਿਖਿਆ ਗਿਆ ਤੇ 1982 ਵਿਚ ਪੰਜਾਬੀ ਵਿਭਾਗ ਜੰਮੂ ਯੂਨਵਿਰਸਿਟੀ ਦੁਆਰਾ ਪ੍ਰਵਾਨ ਕੀਤਾ ਗਿਆ। ਇਹ ਖੋਜ ਕਾਰਜ ਵਿਚ ਪੁਣਛ ਦੀ ਲੋਕਧਾਰਾਈ ਨਾਲ ਸੰਬੰਧਿਤ ਹੈ। ਜਿਸ ਦਾ ਮਨੋਰਥ ਇਸ ਸਮਾਗਰੀ ਦਾ ਸੰਕਲਪ ਨਹੀਂ ਸੀ ਸਗੋਂ ਇਸ ਦੀ ਇਤਿਹਾਸਿਕ, ਭੂਗੋਲਿਕ, ਸੰਸਕ੍ਰਿਤਕ ਨੂੰ ਅਧਾਰ ਤੇ ਵਿਗਿਆਨਿਕ ਪੁਣ ਛਾਣ ਕਰਨਾ ਸੀ। ਇਸ ਸ਼ੋਧ ਪ੍ਰਬੰਧ ਵਿਚ ਵਹਿਮ-ਭਰਮ, ਜਾਦੂ-ਟੂਣੇ, ਲੋਕ-ਮਨੋਰੰਜਨ, ਖੇਡਾਂ, ਲੋਕ-ਗੀਤਾਂ, ਬੁਝਾਰਤਾਂ ਅਖਾਣਾਂ ਅਤੇ ਲੋਕ-ਕਹਾਣੀਆ ਆਦਿ ਲੋਕ ਸਾਹਿਤ ਦੇ ਰੂਪਾਂ ਨੂੰ ਪ੍ਰਗਟਾਇਆ ਗਿਆ ਹੈ।

4. ਡਾ. ਮੁਖਤਿਆਰ ਸਿੰਘ ਦੁਆਰਾ ਪੰਜਾਬੀ ਦੀ ਪੁਆਧੀ ਦੀ ਉਪਭਾਸ਼ਾ ਵਿਚ ਪੁਆਧ ਦੇ ਲੋਕ ਗੀਤ ਉੱਤੇ ਖੋਜ ਕਾਰਜ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਪੁਆਧ ਦੇ ਲੋਕ ਗੀਤਾਂ ਨੂੰ ਹੀ ਅਧਾਰ ਬਣਾਇਆ ਗਿਆ ਹੈ

ਪੰਜਾਬੀ ਦੇ ਖੋਜ ਕਾਰਜ ਵਿਚ ਹੁਣ ਤੱਕ ਲੋਕ ਸਾਹਿਤ ਦੇ ਖੇਤਰ ਵਿਚ 'ਪੁਣਛ ਦੀ ਲੋਕਧਾਰਾ', 'ਨਾਰੀਵਾਦ ਚਿੰਤਨ ਅਤੇ ਪੰਜਾਬੀ ਲੋਕ ਗੀਤ ਇੱਕ ਅਧਿਐਨ', ਪੰਜਾਬੀ ਦੀ ਪੁਆਧੀ ਦੀ ਉਪਭਾਸ਼ਾ ਵਿਚ ਪੁਆਧ ਦੇ ਲੋਕ ਗੀਤ ਅਤੇ 'ਪੰਜਾਬੀ ਲੋਕ ਗੀਤਾਂ ਵਿਚ ਰਿਸ਼ਤਾ-ਨਾਤਾ ਪ੍ਰਣਾਲੀ ਅਤੇ ਇਸ ਦੀ ਸਭਿਆਚਾਰ ਸਾਰਥਿਕਤਾ' ਆਂਦਿ ਵਿਸ਼ਿਆਂ ਤੇ ਹੀ ਖੋਜ ਕਾਰਜ ਹੋਇਆ ਹੈ। ਪ੍ਰੋ. ਪਰਮਜੀਤ ਕੌਰ ਨੂਰ ਰਚਿਤ ਸ਼ਗਨਾਂ ਵੇਲਾ ਲੋਕ ਗੀਤ

ਸੰਗ੍ਰਹਿ 'ਤੇ ਹੁਣ ਤੱਕ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਤੋਂ ਕਿਸੇ ਵੀ ਖੋਜਾਰਥੀ ਵਲੋਂ ਕੋਈ ਕੰਮ ਨਹੀਂ ਕੀਤਾ ਗਿਆ। ਇਸ ਕਰਕੇ ਪ੍ਰੋ. ਪਰਮਜੀਤ ਕੌਰ ਨੂਰ ਰਚਿਤ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ ਇੱਕ ਨਿਵੇਕਲਾ ਖੋਜ ਕਾਰਜ ਹੈ।

# ਅਧਿਆਇ ਪਹਿਲਾ

# ਲੋਕਧਾਰਾ ਅਤੇ ਲੋਕ ਗੀਤ : ਸਿਧਾਂਤਕ ਪਰਿਪੇਖ

## 1.1 ਲੋਕਧਾਰਾ ਦਾ ਅਰਥ

ਲੋਕਧਾਰਾ ਅੰਗਰੇਜ਼ੀ ਦੇ ਸ਼ਬਦ 'ਫੋਕਲੋਰ' ਦਾ ਸਮਾਨਾਰਥਿਕ ਹੈ। 'ਫੋਕਲੋਰ' ਸ਼ਬਦ ਦੀ ਪਹਿਲੀ ਵਾਰ ਵਰਤੋਂ 1846 ਵਿਚ ਵਿਲੀਅਮ ਜਾਨ ਥਾਮਸ ਨੇ ਕੀਤੀ। ਪੰਜਾਬੀ ਵਿਚ ਇਸ ਨਵੇਂ ਗਿਆਨ ਦੇ ਅਧਿਐਨ ਖੇਤਰ ਦੀ ਪਿਰਤ ਵਿਦੇਸ਼ੀ ਪੁਰਾਤਤਵ, ਮਾਨਵ- ਸ਼ਾਸਤਰੀਆਂ ਦੇ ਕੁਲ-ਵਿਗਿਆਨੀਆਂ ਨੇ ਪਾਈ, ਜਿਨ੍ਹਾਂ ਵਿਚੋਂ ਸਰ ਜਾਰਜ ਕਨਿੰਘਮ, ਸਰ ਰਿਚਰਡ ਟੈਂਪਲ, ਗਰੀਅਰਸਨ, ਇਬੈਟਸਨ ਤੇ ਵਿਲੀਅਮ ਕਰੁਕ ਆਦਿ ਦੇ ਨਾਂ ਵਰਨਣਯੋਗ ਹਨ, ਜਿਨ੍ਹਾਂ ਨੇ ਲੋਕਧਾਰਾ ਦੇ ਖੇਤਰ ਵਿਚ ਯੋਗਦਾਨ ਪਾਇਆ। ਵੱਖ-ਵੱਖ ਵਿਦਵਾਨਾਂ ਵੱਲੋਂ ਫੋਕਲੋਰ ਨੂੰ ਵੱਖੋ ਵੱਖਰੇ ਨਾਮ ਦਿੱਤੇ ਗਏ :-

ਪੰਜਾਬੀ ਵਿਚ ਫੋਕਲੋਰ ਸ਼ਬਦ ਦੀ ਪਹਿਲੀ ਵਾਰ ਵਰਤੋਂ ਸਭ ਤੋਂ ਪਹਿਲਾਂ ਬਾਵਾ ਬੁੱਧ ਸਿੰਘ ਨੇ ਕੀਤੀ। ਵਣਜਾਰਾ ਬੇਦੀ ਨੇ ਫੋਕਲੋਰ ਦਾ ਪੰਜਾਬੀ ਸਮਾਨਾਰਥਿਕ ਸ਼ਬਦ (ਲੋਕਧਾਰਾ), ਡਾ. ਕਰਨੈਲ ਸਿੰਘ ਥਿੰਦ ਨੇ (ਲੋਕਯਾਨ), ਹਰਿਭਜਨ ਸਿੰਘ ਨੇ (ਲੋਕ ਵੇਦ), ਪ੍ਰਿੰਸੀਪਲ ਤੇਜਾ ਸਿੰਘ ਨੇ (ਲੋਕ ਪਰੰਪਰਾ), ਹਿੰਦੀ ਵਿਦਵਾਨਾਂ ਨੇ (ਲੋਕ ਸੰਸਕ੍ਰਿਤੀ), ਅਤੇ ਪਾਕਿਸਤਾਨੀ ਲੇਖਕ (ਲੋਕ ਵਿਰਸਾ) ਸ਼ਬਦ ਦੀ ਵਰਤੋਂ ਕਰਦੇ ਹਨ। ਲੋਕਧਾਰਾ ਦੇ ਖੇਤਰ ਵਿਚ ਪੰਜਾਬ ਦੇ ਬਹੁਤ ਸਾਰੇ ਵਿਦਵਾਨਾਂ ਨੇ ਲੋਕਧਾਰਾ ਦੇ ਖੇਤਰ ਵਿਚ ਯੋਗਦਾਨ ਪਾਇਆ ਅਤੇ ਪਾ ਰਹੇ ਹਨ। ਲੋਕਧਾਰਾ ਦੇ ਖੇਤਰ ਵਿਚ ਪੰਜਾਬੀ ਦੇ ਡਾ. ਜੀਤ ਸਿੰਘ ਜੋਸ਼ੀ, ਡਾ.ਨਾਹਰ ਸਿੰਘ, ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਡਾ.ਕਰਨੈਲ ਸਿੰਘ ਥਿੰਦ, ਡਾ. ਭੁਪਿੰਦਰ ਸਿੰਘ ਖਹਿਰਾ, ਡਾ.ਮਹਿੰਦਰ ਸਿੰਘ ਰੰਧਾਵਾ, ਡਾ.ਸਤਿੰਦਰ ਸਿੰਘ ਔਲਖ, ਸ਼ਰਧਾ ਰਾਮ ਫਿਲੌਰੀ, ਅਵਤਾਰ ਸਿੰਘ ਦਲੇਰ ਅਤੇ ਡਾ. ਕਰਮਜੀਤ ਸਿੰਘ ਨੇ ਲੋਕਧਾਰਾ ਦੇ ਸਿਧਾਂਤਕ ਅਤੇ ਵਿਹਾਰਕ ਪੱਖ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਪਾ ਰਹੇ ਹਨ।

'ਫੋਕਲੋਰ' ਲਈ ਪੰਜਾਬੀ ਵਿਚ ਇੱਕ ਹੋਰ ਪਦ 'ਲੋਕਧਾਰਾ' ਵਣਜਾਰਾ ਬੇਦੀ ਨੇ ਵਰਤਿਆ ਹੈ। ਇਸ ਪਦ ਦੀ ਬਣਤਰ ਅਤੇ ਸੁਭਾਅ ਪੰਜਾਬੀ ਉਚਾਰਨ ਦੇ ਅਨੁਕੂਲ ਹੈ। ਪਦ 'ਲੋਕਧਾਰਾ' ਨੂੰ ਫੋਕਲੋਰ ਦਾ ਪਰਿਆਇ ਨਿਸ਼ਚਿਤ ਕਰਦੇ ਸਮੇਂ ਡਾ. ਵਣਜਾਰਾ ਬੇਦੀ (1978,8)ਦਾ ਕਥਨ ਹੈ ਕਿ "1950 ਵਿਚ ਜਦੋਂ ਮੈਂ 'ਫੋਕਲੋਰ' ਨੂੰ ਆਪਣੇ ਅਧਿਐਨ ਦਾ ਵਿਸ਼ਾ ਚੁਣਿਆ ਤਾਂ ਅਨੇਕਾਂ ਸਮੱਸਿਆਵਾਂ ਦੇ ਨਾਲ ਇੱਕ ਸਮੱਸਿਆ 'ਫੋਕਲੋਰ' ਦੇ ਪੰਜਾਬੀ ਪਰਿਆਇ ਦੀ ਉਤਪੰਨ ਹੋਈ। ਫੋਕਲੋਰ ਦੇ ਸਾਰੇ ਡਸਿਪਲਿਨ ਨੂੰ ਵਿਚਾਰਨ ਅਤੇ ਉਸ ਦੇ ਬਹੁ-ਬਿਧ ਰੂਪਾਂ ਦੇ ਚਰਿੱਤਰ ਨੂੰ ਸਮਝਣ ਮਗਰੋਂ ਮੈਂ 'ਲੋਕਧਾਰਾ' ਸ਼ਬਦ ਸਿਰਜਿਆ। ਉਦੋਂ ਫੋਕਲੋਰ ਦੇ ਤਿੰਨ ਵਿਸ਼ੇਸ਼ ਤੱਤ ਮੇਰੀ ਦ੍ਰਿਸ਼ਟੀਗੋਚਰ ਸਨ-

ਲੋਕ ਸਭਿਆਚਾਰ, ਪਰੰਪਰਾ ਅਤੇ ਲੋਕ ਮਨ। ਫੋਕਲੋਰ ਲੋਕਾਂ ਦੀ ਸਮੱਗਰੀ ਹੈ, ਲੋਕ ਮਨ ਦੀ ਅਭਿਵਿਅਕਤੀ ਹੈ ਅਤੇ ਇਸ ਦਾ ਨਿਰਮਾਣ ਲੋਕਾਂ ਦੀ ਸਮੂਹਕ ਚੇਤਨਾ ਤੋਂ ਹੋਇਆ ਹੈ । ਇਸ ਲਈ ਲੋਕ ਸ਼ਬਦ ਨੂੰ ਨਵਾਂ ਸ਼ਬਦ ਘੜਨ ਲਈ ਜੁਜ਼ ਬਣਾਉਣਾ ਜ਼ਰੂਰੀ ਸੀ। 'ਧਾਰਾ' ਸ਼ਬਦ ਮੈਨੂੰ ਲੋਕ ਮਨ ਅਤੇ ਪਰੰਪਰਾ ਦੇ ਅਸੀਮ ਪ੍ਰਵਾਹ ਦਾ ਬਦਲ ਜਾਪਿਆ। ਹਰ 'ਧਾਰਾ' ਪਿੱਛੇ ਇੱਕ ਇਤਿਹਾਸ ਹੁੰਦਾ ਹੈ ਅਤੇ ਪਰੰਪਰਾ ਦਾ ਪਾਸਾਰ। ਧਾਰਾ ਦਾ ਇਹੋ ਸੰਕਲਪ ਮੇਰੇ ਮਨ ਵਿਚ ਸੀ।"

ਫੋਕਲੋਰ ਕਿਸੇ ਵੀ ਸਭਿਆਚਾਰ ਦਾ ਜੀਵਤ ਵਰਤਾਰਾ ਹੈ, ਬੇਸ਼ੱਕ ਸਭਿਆਚਾਰ ਤੇ ਲੋਕਧਾਰਾ ਇੱਕੋ ਸਿੱਕੇ ਦੇ ਦੋ ਪਹਿਲੂ ਨੇ, ਪਰ ਲੋਕਧਾਰਾ ਵਿਚ ਜੀਵਤ ਵਿਦਮਾਨ ਹੋਣ ਦਾ ਗੁਣ ਸ਼ਾਮਿਲ ਹੈ, ਨਿਰਸੰਦੇਹ ਲੋਕਧਾਰਾ ਕਿਸੇ ਵੀ ਸਭਿਆਚਾਰ ਦੇ ਪਰੰਪਰਾਗਤ ਰਸਮਾਂ, ਰੀਤਾਂ, ਕਰਮ ਕਾਂਡਾਂ ਤੇ ਹੋਰ ਅਜਿਹੇ ਰੂਪਾਂ ਦਾ ਹੀ ਨਾਂ ਹੈ।

ਵੱਖੋ-ਵੱਖਰੇ ਵਿਦਵਾਨਾਂ ਨੇ ਲੋਕਧਾਰਾ ਨੂੰ ਆਪਣੇ –ਆਪਣੇ ਨਜ਼ਰੀਏ ਅਨੁਸਾਰ ਪਰਿਭਾਸ਼ਿਤ ਕੀਤਾ ਹੈ।

## 1.2 ਲੋਕਧਾਰਾ ਦੀਆਂ ਪਰਿਭਾਸ਼ਾ

ਕਰਨੈਲ ਸਿੰਘ ਥਿੰਦ ਨੇ ਲੋਕਧਾਰਾ ਦੀ ਪਰਿਭਾਸ਼ਾ ਇਸ ਪ੍ਰਕਾਰ ਨਿਸ਼ਚਿਤ ਕੀਤੀ ਹੈ, 'ਪਰੰਪਰਾਗਤ ਰੂਪ ਵਿਚ ਪ੍ਰਾਪਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ ਸਮੂਹ ਦਾ ਉਹ ਗਿਆਨ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅੱਗੇ ਤੋਰੇ, ਲੋਕਯਾਨ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ, ਕਿੱਤੇ, ਮਨੋਰੰਜਨ ਆਦਿ ਕਲਾਵਾਂ ਲੋਕ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੋ ਸਕਦੀ ਹੈ।'[1]

ਜੀਤ ਸਿੰਘ ਜੋਸ਼ੀ ਅਨੁਸਾਰ, "ਵਿਲੀਅਮ ਜਾਨ ਥਾਮਸ ਨੇ folk ਅਤੇ lore ਨੂੰ ਯੋਗਿਕ ਸ਼ਬਦ ਵਜੋਂ ਪ੍ਰਯੋਗ ਕਰਦੇ ਹੋਏ ਇਸ ਤਰ੍ਹਾਂ ਦੀ ਰੰਗਤ ਵਾਲੀ ਸਮੱਗਰੀ ਨੂੰ folklore ਦਾ ਨਾਮ ਦਿੱਤਾ ਸੀ। ਅੰਗਰੇਜ਼ੀ ਵਿਚ ਫੱਕੋ ਸ਼ਬਦ ਦੀ ਉਤਪਤੀ ਏਗਲੋਂ ਸ਼ਬਦ ਫੋਲਕ ਤੋਂ ਹੋਈ ਮੰਨੀ ਗਈ ਹੈ। ਜਿਸ ਨੂੰ ਜਰਮਨ ਭਾਸ਼ਾ ਵਿਚ ਵੋਲਕ ਕਹਿੰਦੇ ਹਨ। ਵਿਲੀਅਮ ਥਾਮਸ ਦੀ ਦ੍ਰਿਸ਼ਟੀ ਤੋਂ ਅਸਭਿਅਤ ਜਾਤਾਂ ਦੇ ਵਿਅਕਤੀ ਹੀ ਫੋਕ ਹੁੰਦੇ ਹਨ। ਅਤੇ ਲੋਰ ਤੋਂ ਉਸ ਦਾ ਭਾਵ 'ਸਰਬ ਸਾਧਾਰਨ ਜਨਤਾ ਦਾ ਗਿਆਨ ਸੀ। "[2]

---

[1] ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 84

[2] ਜੀਤ ਸਿੰਘ ਜੋਸ਼ੀ, ਲੋਕਧਾਰਾ ਸਿਧਾਂਤ ਅਤੇ ਵਿਸ਼ਲੇਸ਼ਣ, ਪੰਨਾ 10

ਪੰਜਾਬੀ ਲੋਕਧਾਰਾ ਦੇ ਵਿਸ਼ੇਸ਼ੱਗ ਵਣਜਾਰਾ ਬੇਦੀ ਨੇ ਫੋਕਲੋਰ ਦੀ ਥਾਂ ਲੋਕਧਾਰਾ ਸ਼ਬਦ ਵਰਤਿਆ ਹੈ। ਇਹ ਲੋਕਧਾਰਾ ਬਾਰੇ ਚਰਚਾ ਕਰਦੇ ਆਖਦੇ ਹਨ, 'ਲੋਕਧਾਰਾ ਲੋਕ ਸੰਸਕ੍ਰਿਤੀ ਦਾ ਪਾਸਾਰ ਅਤੇ ਲੋਕ ਮਨ ਦੀ ਸਹਿਜ ਅਭਿਵਿਅਕਤੀ ਹੋਣ ਕਰ ਕੇ ਕਿਸੇ ਜਾਤੀ ਦੀ ਸੰਸਕ੍ਰਿਤੀ ਦਾ ਮੂਲ ਸੱਚ ਹੈ।'[3]

ਪਿਆਰ ਸਿੰਘ ਅਨੁਸਾਰ, 'ਇਹ ਕਿਸੇ ਵੀ ਜਾਤੀ ਦੀ ਸੰਸਕ੍ਰਿਤੀ ਦਾ ਉਹ ਅੰਗ ਹੈ, ਜਿਸ ਵਿਚ ਇਸ ਦੇ ਘੜਨ ਹਾਰਿਆਂ ਦਾ ਅਲਿਖਤ ਇਤਿਹਾਸ, ਉਨ੍ਹਾਂ ਦੀਆਂ ਆਸ਼ਾਵਾਂ, ਨਿਰਾਸ਼ਾ ਵਾਂ, ਰੁਚੀਆਂ, ਵਿਸ਼ਵਾਸ, ਭਰਮਾਂ, ਪ੍ਰਾਪਤੀਆਂ, ਅਪ੍ਰਾਪਤੀਆਂ, ਰੜਕਾਂ, ਅਰੜਕਾਂ, ਘੋਲਾਂ, ਸੰਘਰਸ਼ਾਂ ਤੇ ਜ਼ਿੰਦਗੀ ਸੰਬੰਧੀ ਕਦਰਾਂ-ਕੀਮਤਾਂ ਦੀ ਕਹਾਣੀ ਪ੍ਰਤੀਬਿੰਬਤ ਹੁੰਦੀ ਹੈ।'[4]

ਡਾ. ਨਾਹਰ ਸਿੰਘ ਦੇ ਸ਼ਬਦਾਂ ਵਿਚ, "ਲੋਕਧਾਰਾ ਕਿਸੇ ਵਿਸ਼ੇਸ਼ ਮਨੁੱਖੀ ਸਮੂਹ ਦੀ ਸਥਿਤੀ ਅਨੁਭਵਾਂ ਵਿਚਾਰਧਾਰਾਵਾਂ, ਸੱਧਰਾਂ, ਸੰਵੇਦਨਾਵਾਂ, ਚਾਵਾਂ, ਸੁਪਨਿਆਂ ਅਤੇ ਸੰਸਿਆਂ ਦੀ ਪਰੰਪਰਾਗਤ ਰੂਪ ਵਿਧੀਆਂ ਵਿਚ ਸੁਚੇਤ ਅਤੇ ਅਚੇਤ ਦੋਹਾਂ ਪੱਧਰਾਂ ਉੱਤੇ ਪੇਸ਼ਕਾਰੀ ਹੈ। ਲੋਕਧਾਰਾ ਦੀ ਰੀੜ੍ਹ ਦੀ ਹੱਡੀ ਉਹ ਪਰੰਪਰਿਕ ਧਾਰਾ ਹੈ ਜਿਸ ਨੂੰ ਕਿਸੇ ਲੋਕ ਸਮੂਹ ਜਾਂ ਜਾਤੀ ਦੇ ਲੋਕ ਮਨ ਨੇ ਆਪਣੀਆਂ ਪ੍ਰਵਿਰਤੀਆਂ ਅਨੁਸਾਰ ਲੋਕ ਰੂੜ੍ਹੀਆਂ ਦੇ ਆਧਾਰ ਤੇ ਇਸ ਨੂੰ ਸਮੂਹਿਕ ਦੇ ਰੂਪ ਵਿਚ ਪ੍ਰਵਾਨਗੀ ਦੇ ਕੇ ਪਰੰਪਰਾ ਦਾ ਅੰਗ ਬਣਾ ਕੇ ਪੀੜ੍ਹੀਓਂ ਪੀੜ੍ਹੀ ਅੱਗੇ ਤੋਰ ਦਿੱਤਾ।" [5]

**ਪੱਛਮੀ ਵਿਦਵਾਨਾਂ ਅਨੁਸਾਰ**

ਲੋਕਧਾਰਾ ਸ਼ਾਸਤਰੀ ਆਰਚਰ ਟੇਲਰ ਨੇ ਲੋਕਧਾਰਾ ਦੀ ਇਹ ਪਰਿਭਾਸ਼ਾ ਦਿੱਤੀ ਹੈ: 'ਲੋਕਧਾਰਾ ਅਜਿਹੀ ਸਮੱਗਰੀ ਹੈ ਜੋ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਜ਼ਬਾਨੀ ਰੂਪ ਵਿਚ ਲੋਕ ਗੀਤਾਂ, ਲੋਕ ਕਹਾਣੀਆਂ, ਬੁਝਾਰਤਾਂ, ਅਖੌਤੀ ਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾ ਸੁਰੱਖਿਅਤ ਕੀਤੀ ਜਾਂਦੀ ਹੈ। ਇਹ ਰੀਤਾਂ-ਰਿਵਾਜ਼ਾਂ ਜਾਂ ਕੰਮ –ਧੰਦਿਆਂ ਦੇ ਰੂਪ ਵਿਚ ਵੀ ਮਿਲਦੀ ਹੈ।'[6]

[3] ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 84

[4] ਉਹੀ, ਪੰਨਾ 84

[5] ਸਰਬਜੀਤ ਕੋਰ, ਪੰਜਾਬੀ ਲੋਕਧਾਰਾ ਵਿਗਿਆਨ ਅਤੇ ਡਾ. ਕਰਮਜੀਤ ਸਿੰਘ, ਪੰਨਾ 85

[6] ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 84

ਮਾਰੀਉਮ ਬਾਰ ਬੋ ਦਾ ਵਿਚਾਰ ਹੈ, 'ਲੋਕਧਾਰਾ ਦਾ ਅਰਥ ਉਹ ਸਭ ਕੁੱਝ ਹੈ ਜੋ ਕਿ ਪੁਰਾਣੇ ਸਮਿਆਂ ਤੋ ਅੱਜ ਤੀਕ ਮਨੁੱਖੀ ਸਭਿਆਚਾਰ ਦਾ ਹਿੱਸਾ ਬਣਦਾ ਰਿਹਾ ਹੈ। ਉਸ ਨੇ ਸਭ ਤੋਂ ਵੱਧ ਬਲ ਇਸ ਤੱਥ 'ਤੇ ਦਿੱਤਾ ਹੈ ਕਿ ਇਸ ਦਾ ਸੰਚਾਰ ਪੁਰਾਣੀ ਪੀੜ੍ਹੀ ਤੱਕ ਬਿਨਾਂ ਕਿਸੇ ਪੁਸਤਕ, ਪ੍ਰਕਾਸ਼ਨਾਂ ਜਾਂ ਸਕੂਲ ਅਧਿਆਪਕ ਦੇ ਹੁੰਦਾ ਹੈ।'[7]

ਐਸ ਪੀ ਨੋਜਾ ਦਾ ਵਿਚਾਰ ਹੈ ਕਿ, 'ਪ੍ਰਾਚੀਨ ਵਿਚ ਲੋਕਧਾਰਾ ਗਿਆਨ ਦਾ ਉਹ ਭੰਡਾਰ ਹੈ ਜੋ ਜਾਤੀ ਨੇ ਆਪਣੇ ਇਤਿਹਾਸ ਰਾਹੀ ਇਕੱਤਰ ਕੀਤਾ ਜਾਂ ਜੀਵਨ ਵਰਤਾਰਿਆਂ ਰਾਹੀ ਅਤੇ ਜੋ ਪਿਤਾ ਪੁਰਖੀ ਤੋਂ ਅੱਗੇ ਚੱਲਦਾ ਆਇਆ ਉਹ ਸਭ ਕੁੱਝ ਲੋਕਧਾਰਾ ਹੈ।'[8]

## 1.3 ਲੋਕਧਾਰਾ ਦੇ ਪ੍ਰਮੁੱਖ ਲੱਛਣ

ਕਿਸੇ ਵੀ ਜਨ- ਸਮੂਹ ਦੀ ਲੋਕਧਾਰਾ ਉਸ ਸਮੇਂ ਦੇ ਵਿਸ਼ੇਸ਼ ਵਿਅਕਤ ਰੂਪਾਂ ਤੋਂ ਪਹਿਚਾਣੀ ਜਾਂਦੀ ਹੈ। ਇਹ ਵਿਸ਼ੇਸ਼ ਵਿਅਕਤ ਰੂਪ ਹੀ ਉਸ ਦੇ ਪ੍ਰਮੁੱਖ ਲੱਛਣ ਜਾਂ ਤੱਤ ਹੁੰਦੇ ਹਨ:-

1. ਮੌਖਿਕਤਾ
2. ਪਰੰਪਰਾ
3. ਲੋਕ ਮਾਨਸ ਲੋਕ
4. ਸੰਸਕ੍ਰਿਤੀ
5. ਪ੍ਰਵੀਨਤਾ
6. ਪਰਿਵਰਤਨ
7. ਲੋਕ ਪ੍ਰਵਾਨਗੀ

[7] ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ - 84

[8] ਹੁਕਮ ਚੰਦ ਪਾਲ, ਲੋਕ ਵਿਰਸਾ ਅਤੇ ਸਾਹਿਤ ਮੁਲਾਂਕਣ, ਪੰਨਾ 11

### 1.3.1 ਮੌਖਿਕਤਾ

ਲੋਕਧਾਰਾ ਦਾ ਸਭ ਤੋਂ ਮਹੱਤਵਪੂਰਨ ਤੱਤ ਮੌਲਿਕਤਾ ਹੈ। ਜਿਸ ਸਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ। ਉਸ ਵਿਚ ਲਗਭਗ ਸਾਰਾ ਸੰਚਾਰ ਮੌਖਿਕ ਰੂਪ ਵਿਚ ਕੀਤਾ ਜਾਂਦਾ ਹੈ। ਪਰਤੂੰ ਐਲਨ ਡੰਡੀਜ਼ ਦਾ ਵਿਚਾਰ ਹੈ ਕਿ ਇਸ ਮਾਪਦੰਡ ਨੂੰ ਅਪਣਾਉਣ ਨਾਲ ਸਿਧਾਂਤਕ ਪੱਧਰ ਤੇ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਜਿਸ ਸਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ (ਜਿਸ ਨੂੰ ਮਾਨਵ ਵਿਗਿਆਨੀ ਨਿਰ-ਅੱਖਰ ਸਭਿਆਚਾਰ ਕਹਿੰਦੇ ਹਨ), ਉਸ ਵਿਚ ਸਾਰਾ ਸੰਚਾਰ ਲਗਭਗ ਮੌਖਿਕ ਰੂਪ ਵਿਚ ਕੀਤਾ ਜਾਂਦਾ ਹੈ। ਭਾਵੇਂ ਮੌਖਿਕ ਨੂੰ ਲਿਖਤੀ ਪਰੰਪਰਾ ਨਾਲੋਂ ਅਲੱਗ ਕਰਨਾ ਬੜਾ ਮੁਸ਼ਕਲ ਹੁੰਦਾ ਹੈ, ਪਰ ਫਿਰ ਵੀ ਲੋਕਧਾਰਾ ਨੂੰ ਆਮ ਤੋਰ ਤੇ ਮੌਖਿਕ ਪਰੰਪਰਾ ਦੇ ਸੰਕਲਪ ਨਾਲ ਹੀ ਸੰਬੰਧਿਤ ਕੀਤਾ ਗਿਆ ਹੈ। ਲੋਕਧਾਰਾ ਦੀ ਸਮੱਗਰੀ ਮੁੱਖ ਤੋਰ ਤੇ ਲੋਕਾਂ ਦੇ ਬੋਲ ਅਤੇ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਤੇ ਇਕੱਠੀ ਕੀਤੀ ਜਾਂਦੀ ਹੈ। ਜ਼ਰੂਰੀ ਹੈ ਕਿ ਇਸ ਨੂੰ ਨਸ਼ਟ ਹੋਣ ਤੋਂ ਪਹਿਲਾਂ ਛੇਤੀ ਤੋਂ ਛੇਤੀ ਸੰਭਾਲ ਲਿਆ ਜਾਵੇ।

### 1.3.2 ਪਰੰਪਰਾ

ਪਰੰਪਰਾ ਲੋਕਧਾਰਾ ਦੀ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਨ ਦੇ ਸੰਕਲਪ ਨੂੰ ਵਿਅਕਤ ਕਰਦਾ ਹੈ। ਪਰੰਪਰਾ ਨੂੰ 'ਧਾਰਾ' ਸ਼ਬਦ ਬਹੁਤ ਹੀ ਸਾਰਥਿਕ ਰੂਪ ਵਿਚ ਵਿਅਕਤ ਕਰਦਾ ਹੈ। ਵਣਜਾਰਾ ਬੇਦੀ ਪਰੰਪਰਾ ਅਤੇ ਲੋਕਧਾਰਾ ਦੇ ਸੁਭਾਉ ਬਾਰੇ ਬਹੁਤ ਹੀ ਸਾਰਥਿਕ ਟਿੱਪਣੀ ਕਰਦਾ ਹੈ। 'ਫੋਕਲੋਰ" ਜੀਵਨ ਦਾ ਸਹਿਜ ਪਰਪੰਚ ਹੈ ਅਤੇ ਅਚੇਤ ਰੂਪ ਵਿਚ ਜੀਵਨ ਵਿਚ ਰਚਿਆ ਹੁੰਦਾ ਹੈ। ਇਸ ਨੂੰ ਗ੍ਰਹਿਣ ਕਰਨ ਦੇ ਕਦੇ ਕਿਸੇ ਉਚੇਚੇ ਯਤਨ ਨਹੀਂ ਕੀਤੇ। ਧਾਰਾ ਵਿਚ ਕੁੱਝ ਆਪਣੇ ਆਪ ਰਚਦਾ ਅਤੇ ਕੁੱਝ ਵਿਘਨ ਹੁੰਦਾ ਰਹਿੰਦਾ ਹੈ। ਇਹ ਇੱਕ ਥਾਂ ਤੋਂ ਦੂਜੀ ਥਾਂ ਤੋਂ ਦੂਜੀ ਥਾਂ ਤੇ ਮੂਲ ਰੂਪ ਵਿਚ ਹੁੰਦਾ ਹੋਇਆ ਉਹ ਵੀ ਹੈ ਤੇ ਕੁੱਝ ਹੋਰ ਵੀ ਤੇ ਨਵੀਨ ਵੀ ਹਰ ਧਾਰਾ ਆਪਣੇ ਆਪ ਵਿਚ ਪਰੰਪਰਾ ਹੈ। ਇਸ ਲਈ ਕਿਸੇ ਜਨ ਸਮੂਹ ਦੇ 'ਲੋਕਧਾਰਾ' ਦੀ ਪਰੰਪਰਾ ਨੂੰ ਪਰਿਭਾਸ਼ਾ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਹਰ 'ਲੋਕ ਸਮੂਹ' ਦੀ ਲੋਕਧਾਰਾ ਆਪਣੇ ਆਪ ਵਿਚ ਇੱਕ ਪਰੰਪਰਾ ਹੁੰਦੀ ਹੈ। ਇਹ ਪਰੰਪਰਾ ਦੇ ਅੰਤਰਗਤ ਹੀ ਇਹ ਵਿਕਾਸ ਕਰਦੀ ਹੈ। ਇਸ ਪਰੰਪਰਾ ਦੇ ਅੰਤਰਗਤ ਹੀ ਇਹ ਰੁਚੀਆਂ ਧਾਰਨ ਕਰਦੀ ਹੈ। ਅਤੇ ਇਹ ਪੁਰਾਣੀਆਂ ਰੁਚੀਆਂ ਦਾ ਤਿਆਗ ਕਰਦੀ ਹੈ। ਇਤਿਹਾਸ ਗਵਾਹ ਹੈ ਕੋਈ ਵੀ ਸਮਾਜ ਆਪਣੀ ਪਰੰਪਰਾ ਨੂੰ ਭੁੱਲ ਹੀ ਨਹੀਂ ਸਕਦਾ, ਲੋਕ ਸਮੂਹ ਦੇ ਗਿਆਨ ਵਿਚ ਪਰੰਪਰਾ ਦੇ ਅੰਸ਼ਾਂ ਦੀ ਹੋਂਦ ਹੀ ਲੋਕਧਾਰਾ ਹੈ।

### 1.3.3 ਲੋਕ ਮਾਨਸ

ਲੋਕਧਾਰਾ ਦਾ ਤੀਜਾ ਵਿਸ਼ੇਸ਼ ਤੱਤ ਲੋਕ-ਮਾਨਸ ਹੈ ਜੋ ਲੋਕਧਾਰਾ ਵਾਂਗ ਹੀ ਸਮਾਜ ਦੇ ਵਿਅਕਤੀਆਂ ਨੂੰ ਪਰੰਪਰਾ ਵਾਂਗ ਪੁਸ਼ਤ ਦਰ ਪੁਸ਼ਤ ਪ੍ਰਾਪਤ ਹੁੰਦਾ ਹੈ। ਇਸ ਤਰਾਹ ਲੋਕਧਾਰਾ ਨੂੰ ਜਨਮ ਦੇਣ ਵਾਲਾ ਮੂਲ ਤੱਤ 'ਲੋਕ ਮਾਨਸ' ਹੈ ਜੋ ਆਪਣੇ ਇਤਿਹਾਸਿਕ ਭੂਗੋਲਿਕ ਚੌਗਿਰਦੇ ਵਿਚ ਵਿਕਸਤ ਹੁੰਦਾ ਰਹਿੰਦਾ ਹੈ ਅਤੇ ਕਿਤੇ ਵੀ ਆਪਣੇ ਰੂੜ੍ਹੀਗਤ ਤੱਤਾਂ ਤੇ ਸੀਮਾਵਾਂ ਦਾ ਗਿਆਨ ਨਹੀਂ ਕਰਦਾ। ਲੋਕ ਮਾਨਸ ਦਾ ਮੁੱਖ ਲੱਛਣ ਇਸ ਦਾ ਤਰਕ ਰਹਿਤ ਹੋਣਾ ਹੈ। ਅਤੇ ਦੂਜਾ ਇਸ ਦਾ ਰਹੱਸਮਈ ਹੋਣਾ ਹੈ। ਇਹ ਪਰਾਸਰੀਰਕ ਸ਼ਕਤੀਆਂ ਪਾਸੋਂ ਅਣਹੋਏ ਕੰਮ ਜੋ ਸਾਧਾਰਨ ਹਾਲਾਤ ਵਿਚ ਨਹੀਂ ਹੋ ਸਕਦੇ, ਕਰਾਉਣਾ ਚਾਹੁੰਦਾ ਹੈ।ਲੋਕ ਮਾਨਸ ਦਾ ਕਾਰਜ ਸਮੁੱਚਾ ਮਨੁੱਖੀ ਵਿਵਹਾਰ ਹੈ। ਇਸ ਵਿਚ ਕਈ ਤੇ ਸਾਹਿਤ ਦੇ ਸਾਰੇ ਰੂਪ ਸ਼ਾਮਲ ਹਨ। ਲੋਕ ਮਾਨਸ ਹਮੇਸ਼ਾ ਕਾਰਜਸ਼ੀਲ ਰਹਿੰਦਾ ਹੈ। ਲੋਕ ਮਾਨਸ ਨੂੰ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਅਨੋਖਾ ਕਲਪਨਾ ਚਿੰਤਨ
2. ਜਾਦੂ ਟੂਣਾ ਚਿੰਤਨ
3. ਚੇਤਨਾ ਵਾਦੀ ਚਿੰਤਨ
4. ਰੀਤ ਚਿੰਤਨ

### 1.3.4. ਸੰਸਕ੍ਰਿਤੀ

ਲੋਕ ਸੰਸਕ੍ਰਿਤੀ ਵੀ ਇੱਕ ਮਹੱਤਵਪੂਰਨ ਤੱਤ ਹੈ। ਲੋਕਧਾਰਾ ਵਿਚ ਲੋਕ ਸਭਿਆਚਾਰ ਦੇ ਪ੍ਰਾਚੀਨ ਸਭਿਆਚਾਰ ਸੰਬੰਧੀ ਪੱਖ ਮੌਜੂਦ ਹੁੰਦੇ ਹਨ। ਲੋਕ ਸੰਸਕ੍ਰਿਤ ਲੋਕ ਜੀਵਨ ਦੀ ਆਤਮਾ ਹੈ। ਅਤੇ ਇਸੇ ਦੁਆਰਾ ਲੋਕ ਜੀਵਨ ਦੇ ਉਨ੍ਹਾਂ ਸਾਰੇ ਸੰਸਕਾਰਾਂ ਦਾ ਬੋਧ ਹੁੰਦਾ ਹੈ। ਜਿਨ੍ਹਾਂ ਰਾਹੀ ਲੋਕ ਆਪਣੇ ਸਮੂਹਿਕ ਤੇ ਸਮਾਜਿਕ ਢੰਗ ਦਾ ਨਿਰਨਾ ਕਰਦੇ ਹਨ। ਲੋਕ ਸੰਸਕ੍ਰਿਤੀ ਦੀ ਉਪਜ ਸਹਿਜ ਸੁਭਾਅ ਹੁੰਦੀ ਹੈ। ਆਪਣੇ ਆਪ ਪੈਦਾ ਹੋਣ ਵਾਲੀ ਸੰਸਕ੍ਰਿਤੀ ਲੋਕਧਾਰਾ ਵਿਚ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਦੀ ਭਰਮਾਰ ਨੂੰ ਮੁੱਖ ਰੱਖ ਕੇ ਹੀ ਹਜ਼ਾਰੀ ਪ੍ਰਸ਼ਾਦ ਦਿਵੇਦੀ ਨੇ ਲੋਕਧਾਰਾ ਨੂੰ ਲੋਕ ਸੰਸਕ੍ਰਿਤੀ ਦਾ ਨਾਂ ਦਿੱਤਾ ਹੈ।

### 1.3.5. ਪ੍ਰਵੀਨਤਾ

ਲੋਕਧਾਰਾ ਦਾ ਤੀਜਾ ਮੁੱਖ ਤੱਤ ਜਾ ਲੱਛਣ ਇਸ ਦੀ ਪ੍ਰਵੀਨਤਾ ਹੈ। ਲੋਕਧਾਰਾ ਦੀ ਪ੍ਰਵੀਨਤਾ ਤੋਂ ਭਾਵ ਹੈ ਕਿ ਇਹ ਲੋਕ ਸਮੂਹ ਦੀ ਹੁਨਰਮੰਦ ਯੋਗਤਾ ਦੀ ਸਹੀ ਪ੍ਰਤੀਬਿੰਬ ਹੁੰਦੀ ਹੈ। ਇਸ ਦੀ ਸਮੱਗਰੀ ਦੀ ਚੋਣ, ਰੂਪ ਦੀ ਬਣਤਰ, ਵੇਗ, ਪਰਸਥਿਤੀ, ਨਿਭਾਅ, ਲੋਕ ਸਮੂਹ ਦੇ ਸਰਬੋਤਮ ਹੁਨਰ ਦੁਆਰਾ ਦੂਸ਼ਿਤ ਹੁੰਦੇ ਹਨ। ਇਸ ਲਈ ਇਹ ਲੋਕਧਾਰਾ ਗਿਆਨ ਇੰਦਰੀਆਂ ਤੇ ਸੁਹਜ ਪ੍ਰਭਾਵ ਪਾਉਂਦੀ ਹੈ। ਲੋਕਧਾਰਾ ਵਿਚ ਕਰੂਪਤਾ ਬੇਢੱਬੇ ਪਣ ਦੇ ਅੰਸ਼ ਨਹੀਂ ਸਮਾ ਸਕਦਾ।

### 1.3.6. ਪਰਿਵਰਤਨ

ਪਰਿਵਰਤਨ ਲੋਕਧਾਰਾ ਦਾ ਪ੍ਰਭਾਵੀ ਲੱਛਣ ਹੈ। ਸਮੇਂ ਤੇ ਸਥਾਨ ਦੇ ਪ੍ਰਸੰਗ ਵਿਚ ਪ੍ਰਸਥਿਤੀਆਂ ਦੇ ਬਦਲਣ ਨਾਲ ਲੋਕਧਾਰਾ ਵਿਚ ਵੀ ਪਰਿਵਰਤਨ ਆਉਂਦੇ ਰਹਿੰਦੇ ਹਨ। ਇਹਨਾਂ ਪਰਿਵਰਤਨਾਂ ਦਾ ਕਾਰਨ ਬਾਹਰੀ ਪ੍ਰਭਾਵ ਅਤੇ ਅੰਦਰੂਨੀ ਵਿਰੋਧ ਦੋਵੇਂ ਹੁੰਦੇ ਹਨ। ਲੋਕਧਾਰਾ ਦੇ ਰੂਪਾਂ ਤੇ ਸ਼ੈਲੀਆਂ ਵਿਚ ਪਰਿਵਰਤਨ ਸਹਿਜੇ- ਸਹਿਜੇ ਆਉਂਦੇ ਹਨ ਇਹ ਕਾਫ਼ੀ ਸਮਾਂ ਸਥਿਰ ਰਹਿੰਦੇ ਹਨ। ਪਰ ਲੋਕਧਾਰਾ ਦੇ ਉਚਾਰ ਅਤੇ ਪ੍ਰਸਤੁਤ ਕੀਤੀ ਜਾਣ ਵਾਲੀ ਸਮੱਗਰੀ ਵਿਚ ਪਰਿਵਰਤਨ ਛੇਤੀ ਆਉਂਦੇ ਹਨ। ਇਸ ਤਰਾ ਲੋਕਧਾਰਾ ਨਿਰੰਤਰ ਪਰਿਵਰਤਨ ਦੀ ਪ੍ਰਕਿਰਿਆ ਵਿਚ ਰਹਿੰਦੀ ਹੈ। ਨਵੇਂ ਰੂਪਾਂ ਤੇ ਸਮੱਗਰੀ ਨੂੰ ਵਿਘਨ ਕਰਦੀ ਹੋਈ, ਅੱਗੇ ਤੁਰਦੀ ਜਾਂਦੀ ਹੈ। ਇਹਨਾਂ ਪਰਿਵਰਤਨਾਂ ਸਦਕਾ ਇਹ ਅਜਰ ਤੇ ਅਮਰ ਰਹਿੰਦੀ ਹੈ।

### 1.3.7. ਲੋਕ ਪ੍ਰਵਾਨਗੀ

ਲੋਕਧਾਰਾ ਦਾ ਸਰਬ- ਸਮੂਹ ਵੱਲੋਂ ਪ੍ਰਵਾਨ ਹੋਣਾ ਇਸ ਦੀ ਇੱਕ ਹੋਰ ਉੱਘੀ ਖ਼ਾਸੀਅਤ ਹੈ। ਲੋਕਧਾਰਾ ਪ੍ਰਤਿਭਾ ਦੁਆਰਾ ਕੀਤੀ ਗਈ ਸਿਰਜਣਾ ਨੂੰ ਲੋਕ ਪ੍ਰਵਾਨਗੀ ਮਿਲਣਾ ਜ਼ਰੂਰੀ ਹੈ। ਭਾਵ ਉਸ ਸਿਰਜਣਾ ਪ੍ਰਤੀ ਲੋਕਾਂ ਦਾ ਹੁੰਗਾਰਾ ਸਾਰਥਿਕ ਹੋਣਾ ਚਾਹੀਦਾ ਹੈ। ਲੋਕ ਸਮੂਹ ਦੀ ਪ੍ਰਵਾਨਗੀ ਦਾ ਮਤਲਬ ਸਿਰਫ਼ ਉਨ੍ਹਾਂ ਦਾ 'ਹਾਂ' ਜਾਂ 'ਨਾਂ' ਵਿਚ ਉੱਤਰ ਦੇਣ ਤੋਂ ਨਹੀਂ ਸਗੋਂ ਲੋਕ ਪ੍ਰਵਾਨਗੀ ਤੋਂ ਭਾਵ ਉਸ ਸਿਰਜਣਾ ਨੂੰ ਵਿਵਹਾਰ ਵਰਤੋਂ ਵਿਚ ਲਿਆਉਣਾ ਹੈ। ਜੇਕਰ ਲਿਆਉਂਦਾ ਹੈ ਤਾਂ ਇਹ ਉਸ ਵੱਲੋਂ ਸਵੀਕਾਰ ਹੈ। ਇਸ ਲਈ ਹਰ ਲੋਕਧਾਰਾ ਸਿਰਜਣਾ ਦੀ ਲੋਕ ਸਮੂਹ ਵੱਲੋਂ ਵਿਵਹਾਰਿਕ ਵਰਤੋਂ ਜ਼ਰੂਰੀ ਹੈ। ਇਹ ਵਰਤੋਂ ਭਾਵੇਂ ਖ਼ਾਸ-ਖ਼ਾਸ ਮੌਕਿਆਂ ਤੇ ਸੀਮਤ ਰੂਪ ਤਕ ਹੀ ਹੁੰਦੀ ਹੋਵੇ।

**ਲੋਕਧਾਰਾਈ ਸਮੱਗਰੀ ਦਾ ਵਰਗੀਕਰਨ**

ਲੋਕਧਾਰਾ ਦਾ ਖੇਤਰ ਬਹੁਤ ਹੀ ਵਿਸ਼ਾਲ ਹੈ। ਇਸ ਦੀ ਸਮੱਗਰੀ ਸਾਹਿਤ ਕਲਾ ਠੋਸ ਵਸਤਾਂ ਦੇ ਰੂਪ ਵਿਚ ਜੰਮਣ ਤੋਂ ਮਰਨ ਤਕ ਦੇ ਲੋਕ ਵਿਸ਼ਵਾਸ, ਰੀਤੀ ਰਿਵਾਜ ਤੇ ਜਾਦੂ ਟੂਣੇ ਆਦਿ ਦੇ ਰੂਪ ਵਿਚ ਮਿਲਦੀ ਹੈ। ਲੋਕਧਾਰਾ ਸਮੱਗਰੀ ਵਿਚ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਵੰਨ- ਸੁਵੰਨਤਾ ਹੈ।

ਸੋਫ਼ੀਆਂ ਬਰਨ ਨੇ ਲੋਕਧਾਰਾਈ ਸਾਮੱਗਰੀਦਾ ਵਰਗੀਕਰਨ ਇਸ ਪ੍ਰਕਾਰ ਕੀਤਾ ਹੈ:-

**ਵਿਸ਼ਵਾਸ** :- ਇਸ ਵਿਚ ਧਰਤੀ, ਆਕਾਸ਼, ਬਨਸਪਤੀ, ਮਨੁੱਖ,ਪਸ਼ੂ, ਆਤਮਾ, ਦੇਵੀ ਦੇਵਤੇ, ਸ਼ਗਨ ਅੱਪ ਸ਼ਗਨ, ਭਵਿੱਖਬਾਣੀ, ਆਕਾਸ਼, ਜਾਦੂ ਟੂਣੇ ਉਦੇ ਸਬੰਧੀ ਲੋਕ ਵਿਸ਼ਵਾਸ ਆ ਜਾਂਦੇ ਹਨ।

**ਰੀਤੀ ਰਿਵਾਜ** :- ਇਸ ਵਿਚ ਸਮਾਜਿਕ ਅਤੇ ਵਿਅਕਤੀਗਤ ਰਸਮਾਂ, ਸੰਸਕਾਰ,ਧੰਦੇ, ਉਦਯੋਗ, ਰੁੱਤਾਂ, ਵਰਤ, ਤਿਉਹਾਰ, ਖੇਡਾਂ, ਮਨੋਰੰਜਨ ਆਦਿ ਆਉਂਦੇ ਹਨ।

**ਲੋਕ ਸਾਹਿਤ** :- ਇਸ ਵਿਚ ਲੋਕ ਸਾਹਿਤ ਦੇ ਵੱਖ ਵੱਖ ਰੂਪ ਜਿਵੇਂ ਬਾਤਾਂ, ਗੀਤ, ਕਹਾਵਤਾਂ ਆਦਿ ਆ ਜਾਂਦੇ ਹਨ।

**ਲੋਕਧਾਰਾਈ ਸਮੱਗਰੀ ਦੀ ਸਾਹਿਤ ਨੂੰ ਦੇਣ**

ਸਾਹਿਤ ਨੂੰ ਸਮਾਜ ਦਾ ਦਰਪਣ ਆਖਿਆ ਜਾਂਦਾ ਹੈ। ਸਾਹਿਤ ਦਾ ਜੀਵਨ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਇਸ ਕਾਰਨ ਕੋਈ ਵੀ ਲੇਖਕ ਲੋਕਧਾਰਾ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਦਾ। ਕਿਸੇ ਵੀ ਸਾਹਿਤਕਾਰ ਨੂੰ ਜਦ ਵੀ ਜਨਤਾ ਦੇ ਨੇੜੇ ਜਾਣ ਦੀ ਲੋੜ ਪਈ, ਉਸ ਦੀਆਂ ਕਲਾਂ ਕਿਰਤਾਂ ਵਿਚ ਸਹਿਜ ਸੁਭਾਅ ਲੋਕਧਾਰਾਈ ਸਮੱਗਰੀ ਵਰਤੀ ਗਈ। ਸਾਹਿਤ ਵਿਚ ਲੋਕ ਵਿਸ਼ਵਾਸ, ਰੀਤੀ ਰਿਵਾਜ਼ਾਂ, ਵਹਿਮ ਭਰਮ, ਸ਼ਗਨ-ਅੱਪ ਸ਼ਗਨ ਆਦਿ ਦੀ ਵਰਤੋਂ ਕੀਤੀ ਮਿਲਦੀ ਹੈ। ਸਾਡੇ ਮੱਧਕਾਲੀਨ ਸਾਹਿਤ ਦੀਆਂ ਮੁੱਖ ਧਾਰਾਵਾਂ ਕਿੱਸਾ ਕਾਵਿ, ਸੂਫ਼ੀ ਕਾਵਿ, ਗੁਰਮਤਿ ਕਾਵਿ, ਵਿਚ ਲੋਕਧਾਰਾਈ ਤੱਤਾਂ ਦਾ ਅਥਾਹ ਭੰਡਾਰ ਹੈ। ਹਰ ਵਿਸ਼ਵਾਸ ਆਪਣੇ ਆਪ ਵਿਚ ਇੱਕ ਲੋਕ ਤੱਤ ਹੈ। ਸਾਹਿਤ ਵਿਚ ਲੋਕ ਜੀਵਨ ਨਾਲ ਸੰਬੰਧੀ ਕੰਮ, ਧੰਦੇ, ਮਨੋਰੰਜਨ, ਲੋਕ ਬੋਲੀ ਆਦਿ ਦਾ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਉੱਲੇਖ ਕੀਤਾ ਹੈ। ਲੋਕਧਾਰਾਈ ਸਮੱਗਰੀ ਨੇ ਸਾਹਿਤ ਦੀ ਸਿਰਜਨਾ ਵਿਚ ਅਦੁੱਤੀ ਯੋਗਦਾਨ ਪਾਇਆ ਹੈ ਅਤੇ ਪਾ ਰਿਹਾ ਹੈ। ਕੋਈ ਵੀ ਸਾਹਿਤਕਾਰ ਆਪਣੀ ਰਚਨਾ ਲੋਕਧਾਰਾ ਦੀ ਸਮੱਗਰੀ ਤੋਂ ਬਿਨਾਂ ਸੰਪੂਰਨ ਅਤੇ ਪ੍ਰਭਾਵਸ਼ਾਲੀ ਨਹੀਂ ਬਣਾ ਸਕਦਾ। ਸਾਹਿਤ ਵਿਚ ਲੋਕਧਾਰਾ ਦਾ ਸੰਚਾਰ ਉਸੇ ਰੂਪ ਵਿਚ ਮਿਲਦਾ ਹੈ ਜਿਵੇਂ ਬਜ਼ੁਰਗਾਂ ਦਾ ਖ਼ੂਨ ਉਨ੍ਹਾਂ ਦੀ ਔਲਾਦ ਵਿਚ।

**ਸਾਹਿਤ ਵਿਚ ਲੋਕਧਾਰਾਈ ਸਮੱਗਰੀ ਦੀ ਵਰਤੋਂ**

ਕਰਨੈਲ ਸਿੰਘ ਥਿੰਦ ਨੇ ਬੈਨਿਟ ਦੇ ਦੱਸੇ ਢੰਗਾਂ ਵਿਚ ਸੋਧ ਕਰ ਕੇ ਲੋਕਧਾਰਾਈ ਸਮੱਗਰੀ ਦੀ ਵਰਤੋਂ ਸੰਬੰਧੀ ਹੇਠ ਲਿਖੇ ਢੰਗ ਨਿਸ਼ਚਿਤ ਕੀਤੇ ਹਨ:

1. ਸਿੱਧੇ ਰੂਪ ਵਿਚ ਪ੍ਰਯੋਗ
2. ਬਦਲਵੇਂ ਰੂਪ ਵਿਚ ਵਰਤੋਂ
3. ਸੰਕੇਤ ਅਥਵਾ ਪ੍ਰਤੀਕ ਰੂਪ ਵਿਚ ਉੱਲੇਖ
4. ਲੋਕ ਰੂੜ੍ਹੀਆਂ ਦੀ ਵਰਤੋਂ

**ਸਿੱਧੇ ਰੂਪ ਵਿਚ ਪ੍ਰਯੋਗ**

ਲੋਕਧਾਰਾਈ ਸਮੱਗਰੀ ਦਾ ਸਿੱਧੇ ਰੂਪ ਵਿਚ ਪ੍ਰਯੋਗ ਕੀਤਾ ਜਾ ਸਕਦਾ ਹੈ। ਜਦੋ ਸਾਹਿਤਕਾਰ ਸਮੂਹਿਕ ਗਿਆਨ ਜੋ ਉਸ ਨੇ ਸਮਾਜ, ਸਭਿਆਚਾਰ, ਭੂਗੋਲ ਜਾਂ ਕੰਮ ਧੰਦਿਆਂ ਦੁਆਰਾ ਪ੍ਰਾਪਤ ਕੀਤਾ ਹੈ, ਨੂੰ ਆਪਣੀਆਂ ਰਚਨਾਵਾਂ ਵਿਚ ਸ਼ਾਮਿਲ ਕਰ ਲੈਂਦਾ ਹੈ। ਉਦਾਹਰਨ ਵਜੋਂ ਦੇਵ ਕਥਾ ਦੇ ਪਲਾਟ, ਘਟਨਾਵਾਂ ਅਤੇ ਪਾਤਰ ਸਿੱਧੇ ਰੂਪ ਵਿਚ ਸਾਹਿਤਕ ਰਚਨਾਵਾਂ ਦਾ ਆਧਾਰ ਬਣਦੇ ਹਨ।

**ਬਦਲਵੇਂ ਰੂਪ ਵਿਚ ਵਰਤੋਂ**

ਸਾਹਿਤਕਾਰ ਲੋਕਧਾਰਾਈ ਸਮੱਗਰੀ ਦਾ ਨਵੀਨੀਕਰਨ ਕਰ ਕੇ ਇਸ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਕਰਦਾ ਹੈ। ਉਹ ਪਲਾਟ, ਘਟਨਾਵਾਂ ਅਤੇ ਪਾਤਰਾਂ ਵਿਚ ਥੋੜ੍ਹੀ ਜਿਹੀ ਤਬਦੀਲੀ ਕਰ ਕੇ ਆਪਣੀ ਵਿਅਕਤੀਗਤ ਛੋਹ ਨਾਲ ਇਸ ਨੂੰ ਨਵਾਂ ਰੂਪ ਦੇ ਦਿੰਦਾ ਹੈ।

**ਸੰਕੇਤ ਅਥਵਾ ਪ੍ਰਤੀਕ ਰੂਪ ਵਿਚ ਉੱਲੇਖ**

ਸਾਡੇ ਸਾਹਿਤਕਾਰਾਂ ਨੇ ਬਹੁਤ ਸਾਰੀ ਲੋਕਧਾਰਾਈ ਸਮੱਗਰੀ ਦਾ ਉੱਲੇਖ ਸੰਕੇਤ ਰੂਪ ਵਿਚ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਜਿੱਥੇ ਕਿਤੇ ਰਚਨਾ ਪ੍ਰਕਿਰਿਆ ਵਿਚ ਇੱਕ ਦਾ ਖ਼ਿਆਲ ਕਿਸੇ ਦੂਜੇ ਦੇ ਵਿਚਾਰ ਲਈ ਪੇਸ਼ ਕੀਤਾ ਜਾਂਦਾ ਹੈ, ਉੱਥੇ ਪ੍ਰਤੀਕਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਮਿਸਾਲ ਵਜੋਂ 'ਰਾਂਝਾ' ਹੀਰ ਦੇ ਆਸ਼ਕ ਦੇ ਰੂਪ ਵਿਚ ਆਧਾਰ ਤੱਥ ਹੈ, ਪਰਤੂੰ 'ਪਰਮਾਤਮਾ' ਦੇ ਰੂਪ ਵਿਚ ਇਸ ਦਾ ਉਪਯੋਗ ਇਸ ਦਾ ਗ੍ਰਹਿਤ ਰੂਪ ਹੈ।

### ਲੋਕ ਰੂੜ੍ਹੀਆਂ ਦੀ ਵਰਤੋਂ

ਸਾਹਿਤਕਾਰ ਲੋਕਧਾਰਾ ਸਮੱਗਰੀ ਦੀ ਵਰਤੋਂ ਲੋਕ ਰੂੜ੍ਹੀਆਂ ਰਾਹੀ ਵੀ ਕਰਦੇ ਹਨ। ਜਿਵੇਂ ਗੁਰਮਤਿ ਕਾਵਿ ਵਿਚ ਗੁਰੂ ਸਾਹਿਬਾਨ ਵੱਲੋਂ ਵਰਤੀਆਂ ਗਈਆਂ ਲੋਕ ਰੂੜ੍ਹੀਆਂ ਤੇ ਲੋਕ ਕਾਵਿ ਦੀ ਵਰਤੋਂ ਗੁਰਮਤਿ ਸਾਹਿਤ ਨੂੰ ਆਮ ਲੋਕਾਂ ਵਿਚ ਮਕਬੂਲ ਕਰਦੀ ਹੈ। ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਬਹੁਤ ਸਾਰੀਆਂ ਲੋਕ ਰੂੜ੍ਹੀਆਂ ਦੀ ਵਰਤੋਂ ਕੀਤੀ ਮਿਲਦੀ ਹੈ, ਜਿਵੇਂ ਮਤਰੇਈ ਮਾਂ, ਜ਼ਾਲਮ ਸੱਸ, 12 ਸਾਲ, 360 ਸਹੇਲੀਆਂ ਆਦਿ। ਸਾਹਿਤ ਵਿਚ ਲੋਕਧਾਰਾਈ ਸਮੱਗਰੀ ਦੀ ਵਰਤੋਂ ਪ੍ਰਾਚੀਨਤਾ ਦਾ ਨਵੀਨੀਕਰਨ ਕਰਦੀ ਹੈ।

## 1.4 ਲੋਕ ਸਾਹਿਤ ਦਾ ਵਰਗੀਕਰਨ

ਸਾਹਿਤ ਜੀਵਤ ਅਤੇ ਗਤੀਸ਼ੀਲ ਵਰਤਾਰਾ ਹੈ। ਸਾਹਿਤ ਦੇ ਮਾਧਿਅਮ ਦੁਆਰਾ ਹੀ ਸਾਹਿਤਕਾਰ ਸਮਾਜ ਵਿਚ ਚੱਲ ਰਹੀਆਂ ਘਟਨਾਵਾਂ ਨੂੰ ਸਮਾਜ ਸਾਹਮਣੇ ਪੇਸ਼ ਕਰਦਾ ਹੈ। ਸਾਹਿਤ ਦੇ ਦੋ ਰੂਪ ਹੁੰਦੇ ਹਨ ਲਿਖਤੀ ਅਤੇ ਮੌਖਿਕ ਸਾਹਿਤ। ਸਾਹਿਤ ਤੇ ਸਮਾਜ ਨੂੰ ਇੱਕ ਦੂਜੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਸਾਹਿਤ ਸਮਾਜ ਦਾ ਅਨਿੱਖੜਵਾਂ ਅੰਗ ਹੈ। ਲੋਕ ਸਾਹਿਤ ਪੰਜਾਬੀ ਜੀਵਨ ਸਮੁੱਚੇ ਵਰਤਾਰੇ ਨੂੰ ਪੇਸ਼ ਕਰਦਾ ਹੈ। ਲੋਕ ਸਾਹਿਤ ਦੇ ਅੰਤਰਗਤ ਬਹੁਤ ਸਾਰੀਆਂ ਵੰਨਗੀਆਂ ਆਉਂਦੀਆਂ ਹਨ। ਪੰਜਾਬ ਦੇ ਲੋਕ ਸਾਹਿਤ ਦਾ ਖ਼ਜ਼ਾਨਾ ਬਹੁਤ ਹੀ ਅਮੀਰ ਹੈ। ਪੰਜਾਬੀ ਲੋਕ ਸਾਹਿਤ ਦੀਆਂ ਬਹੁਤ ਸਾਰੀਆਂ ਵੰਨਗੀਆਂ ਮਿਲਦੀਆਂ :- ਲੋਕ ਬੁਝਾਰਤਾਂ, ਲੋਕ ਕਹਾਣੀਆਂ, ਲੋਕ ਨਾਚ, ਲੋਕ ਗੀਤ, ਅਖਾਣ, ਮੁਹਾਵਰੇ, ਲੋਕ ਵਿਸ਼ਵਾਸ ਆਦਿ। ਮਨੁੱਖ ਦੇ ਜਨਮ ਤੋਂ ਹੀ ਉਸ ਦੇ ਮਨੋਰੰਜਨ ਜਾਂ ਮਨ ਪ੍ਰਚਾਵੇ ਦਾ ਸਾਧਨ ਬਣਦੇ ਰਹੇ ਹਨ। ਪੰਜਾਬੀ ਲੋਕ ਸਾਹਿਤ ਪੰਜਾਬੀ ਜਨ ਜੀਵਨ ਨੂੰ ਜੀਨ ਦੀ ਨਵੀਂ ਰੋਹ ਬਖ਼ਸ਼ਦਾ ਰਿਹਾ ਹੈ। ਲੋਕ ਸਾਹਿਤ ਬਾਰੇ ਵਧੇਰੇ ਡੂੰਘਾਈ ਨਾਲ ਜਾਣਨ ਲਈ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾ ਤੇ ਨਜ਼ਰ ਮਾਰਾਂਗੇ।

## 1.5 ਲੋਕ ਸਾਹਿਤ ਦੀ ਪਰਿਭਾਸ਼ਾ

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਅਨੁਸਾਰ, "ਲੋਕ ਸਾਹਿਤ ਦੀ ਤੁਲਨਾ ਕਿਸੇ ਇਲਾਕੇ ਵਿਚ ਵਗਦੇ ਦਰਿਆ ਨਾਲ ਕੀਤੀ ਜਾ ਸਕਦੀ ਹੈ, ਜਿਸ ਵਿਚ ਉਸ ਇਲਾਕੇ ਦੇ ਸਾਰੇ ਨਦੀਆਂ ਨਾਲੇ, ਬਹੁੜੇ ਤੇ ਕੱਸੀਆਂ ਆਪਣੀ ਨਿੱਜੀ ਹੋਂਦ ਗਵਾ ਕੇ ਰਚ- ਰਸ ਜਾਂਦੀਆਂ ਹਨ।"[9]

ਡਾ. ਸ਼ਿਆਮ ਪਰਮਾਰ ਦੇ ਸ਼ਬਦ ਇਸ ਪੱਖੋਂ ਅਤਿਅੰਤ ਮਹੱਤਵਪੂਰਨ ਹਨ ਕਿ, "ਲੋਕ ਸਾਹਿਤ ਨੂੰ ਸਿਰਫ਼ ਸਾਹਿਤ ਸ਼ਾਸਤਰ ਦੇ ਪੱਧਰ ਤੇ ਪੱਕਣਾ ਇੱਕ ਪੱਖਾ ਹੋਵੇਗਾ ਵਿਸ਼ੇ ਦੀ ਦ੍ਰਿਸ਼ਟੀ ਤੋਂ ਲੋਕ ਸਾਹਿਤ ਕੇਵਲ ਸਾਧਾਰਨ ਸਾਹਿਤ ਨਹੀਂ ਬਲਕਿ ਆਪਣੇ ਆਪ ਵਿਚ ਸੁਤੰਤਰ ਵਿਗਿਆਨ ਹੈ।"[10]

ਡਾ. ਕ੍ਰਿਸ਼ਨ ਉਧਿਆਏ ਨੇ, ਲੋਕ ਸਾਹਿਤ ਨੂੰ ਚਾਰ ਵਰਗਾਂ ਦੇ ਲੋਕ ਗੀਤ, ਲੋਕ ਕਥਾ, ਅਤੇ ਪਰਕੀਰਣ ਸਾਹਿਤ (ਲੋਕੋ ਕੱਤੀਆਂ, ਮੁਹਾਵਰੇ, ਬੁਝਾਰਤਾਂ, ਅਤੇ ਸੂਤਰੀਆਂ) ਵਿਚ ਵਿਭਾਜਤ ਕਰ ਕੇ ਲੋਕ ਸਾਹਿਤ ਦੀ ਅਪੂਰਨ ਵੰਡ ਪੇਸ਼ ਕੀਤੀ ਹੈ।[11]

ਲੋਕ ਸਾਹਿਤ ਦਾ ਬੜਾ ਹੀ ਅਟੁੱਟ ਅੰਗ ਲੋਕ ਗੀਤ ਹਨ। ਲੋਕ ਗੀਤ ਵਿਚ ਸਾਡਾ ਲੋਕ ਜੀਵਨ ਝਲਕਾਰੇ ਮਾਰਦਾ ਹੈ। ਲੋਕ ਗੀਤ ਰਾਹੀ ਹੀ ਮਨੁੱਖ ਆਪਣੇ ਭਾਵ, ਸੱਧਰਾਂ ਦਾ ਪ੍ਰਗਟਾ ਕਰਦੇ ਹਨ। ਲੋਕ ਗੀਤ ਲੋਕ ਕਾਵਿ ਦੀ ਇੱਕ ਮਹੱਤਵਪੂਰਨ ਵੰਨਗੀ ਹੈ। ਲੋਕ ਗੀਤ ਪੰਜਾਬ ਦੀ ਆਤਮਾ ਦੀ ਆਵਾਜ਼ ਹਨ। ਇਹ ਪੰਜਾਬੀਆਂ ਦੇ ਰੰਗਲੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹਨ। ਸਮੇਂ- ਸਮੇਂ ਪੰਜਾਬੀ ਮੁਟਿਆਰਾਂ ਅਤੇ ਨੌਜਵਾਨਾਂ ਨੇ ਇਸ ਦੇ ਖ਼ਜ਼ਾਨੇ ਨੂੰ ਆਪਣੇ ਪਿਆਰ ਵਲਵਲਿਆਂ ਨਾਲ ਭਰਪੂਰ ਕੀਤਾ ਹੈ। ਇਹ ਲੋਕਾਂ ਦੁਆਰਾ ਗਾਏ ਅਤੇ ਰਚੇ ਗਏ ਹਨ। ਇਹਨਾਂ ਦਾ ਕਰਤਾ ਕੋਈ ਇੱਕ ਵਿਸ਼ੇਸ਼ ਵਿਅਕਤੀ ਨਹੀਂ ਹੁੰਦਾ। ਇਹ ਪੀੜ੍ਹੀਓਂ ਪੀੜ੍ਹੀ ਤੁਰਿਆ ਆ ਰਿਹਾ ਮੌਖਿਕ ਸਾਹਿਤ ਹੈ। ਜਿਸ ਵਿਚ ਲੋਕ ਮਾਨਸ ਦੇ ਦਿਲੀ ਜਜ਼ਬਿਆਂ ਤੇ ਸੱਧਰਾਂ ਦਾ ਪ੍ਰਗਟਾ ਹੁੰਦਾ ਹੈ। ਇਸ ਤਰਾ ਲੋਕ ਗੀਤ ਸਾਹਿਤ ਦਾ ਅਜਿਹਾ ਅੰਗ ਹੈ ਜੋ ਹਰ ਸਮੇਂ ਆਪਣੀ ਤਾਜ਼ਗੀ ਬਰਕਰਾਰ ਰੱਖਦੇ ਹਨ। ਲੋਕ ਗੀਤ ਲਿਖਤੀ ਤੇ ਮੌਖਿਕ ਰੂਪ ਵਿਚ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪਹੁੰਚਦੇ ਹਨ। ਲੋਕ ਗੀਤਾਂ ਦੀ ਰਚਨਾ ਕੋਈ ਇੱਕ ਵਿਅਕਤੀ ਨਹੀਂ ਕਰਦਾ ਇਹ ਸਮੂਹਿਕ ਰੂਪ ਵਿਚ ਪ੍ਰਵਾਨ ਹੋ ਕੇ ਨੇਪਰੇ ਚੜ੍ਹਦੇ ਹਨ। ਲੋਕ ਗੀਤ ਪੰਜਾਬੀ ਲੋਕ ਸਾਹਿਤ ਦਾ ਖ਼ੂਬਸੂਰਤ ਅਤੇ

---

[9] ਸੁਹਿੰਦਰ ਸਿੰਘ ਵਣਜਾਰਾ ਬੇਦੀ, ਲੋਕਧਾਰਾ ਅਤੇ ਸਾਹਿਤ, ਪੰਨਾ 32

[10] ਜਸਵਿੰਦਰ ਸਿੰਘ, ਪੰਜਾਬੀ ਸਾਹਿਤ ਸ਼ਾਸਤਰ, ਪੰਨਾ 21

[11] ਉਹੀ, ਪੰਨਾ 35

ਵਡਮੁੱਲਾ ਅੰਗ ਹੈ। ਲੋਕ ਗੀਤ ਜਨ ਸਾਧਾਰਨ ਵਿਚ ਵਡਮੁੱਲਾ ਸਥਾਨ ਰੱਖਦੇ ਹਨ। ਲੋਕ ਗੀਤ ਸਾਹਿਤ ਦਾ ਅਨਿੱਖੜਵਾਂ ਅਤੇ ਮਹੱਤਵਪੂਰਨ ਅੰਗ ਹਨ।

ਲੋਕ ਗੀਤਾਂ ਵਿਚ ਰਿਸ਼ਤਿਆਂ ਦੀਆਂ ਤੰਦਾਂ ਦੇ ਬਹਾਨੇ ਉਹ ਸਾਰੀਆਂ ਅਜਿਹੀਆਂ ਗੱਲਾਂ ਕਹਿ ਜਾਂਦੀਆਂ ਨੇ ਜੋ ਆਮ ਵਾਰਤਾਲਾਪ ਵਿਚ ਕਹਿਣ ਦਾ ਅਧਿਕਾਰ ਸਮਾਜ ਨੇ ਅਜੇ ਵੀ ਉਨ੍ਹਾਂ ਨੂੰ ਨਹੀਂ ਦਿੱਤਾ। ਲੋਕ ਗੀਤ ਤਾਂ ਸਾਡੇ ਰਿਸ਼ਤਿਆਂ ਦਾ ਵਿਸ਼ਵ-ਕੋਸ਼ ਹਨ। ਆਪਸੀ ਗੁੰਝਲਾਂ ਨੂੰ ਸਮਝਾਉਣ ਤੇ ਸਮਝਣ ਹਾਰੇ। ਲੋਕ ਗੀਤ ਪੈਰ ਪੈਰ ਤੇ ਕੋਈ ਅਜਿਹਾ ਸੁਨੇਹਾ ਦੇ ਜਾਂਦੇ ਹਨ, ਜੋ ਅਸੀਂ ਸੁਣਨਾ ਚਾਹੀਏ ਜਾਂ ਨਾ ਉਹ ਆਪਣਾ ਸ਼ੁੱਭ ਕਰਮ ਕਰ ਜਾਂਦੇ ਹਨ।

## 1.6 ਲੋਕ ਗੀਤ ਦੀ ਪਰਿਭਾਸ਼ਾ

ਡਾ. ਕਰਨੈਲ ਸਿੰਘ ਥਿੰਦ ਦੇ ਅਨੁਸਾਰ ਲੋਕ ਗੀਤ, “ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਬੋਲੀ ਦੁਆਰਾ ਮੌਖਿਕ ਰੂਪ ਵਿਚ ਸੰਚਾਲਿਤ ਅਜਿਹੀ ਸੰਗੀਤਮਈ ਰਚਨਾ ਹੈ, ਜਿਹੜੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਨਾ ਕੀਤੀ ਗਈ ਹੋਵੇ ਅਤੇ ਲੋਕ ਸਮੂਹ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀਓਂ- ਪੀੜ੍ਹੀ ਅੱਗੇ ਤੋਰਦਾ ਆਇਆ ਹੋਵੇ, ਲੋਕ ਗੀਤ ਹੈ।”[12]

ਪੰਜਾਬੀ ਲੋਕਧਾਰਾ ਦੇ ਵਿਸ਼ੇਸ਼ੱਗ ਵਣਜਾਰਾ ਬੇਦੀ ਅਨੁਸਾਰ ਲੋਕ ਗੀਤ ਜਾਤੀ ਦੇ ਅੰਤਰੀਵ ਜਜ਼ਬਿਆਂ ਦੇ ਮਨੋਭਾਵਾਂ ਦਾ ਕਾਵਿ ਮਈ ਪ੍ਰਵਾਹ ਹੁੰਦੇ ਹਨ। ਇਹ ਅਵਚੇਤਨ ਮਨ ਵਿਚ ਵੱਸਦੇ, ਮਚਲਦੇ ਜਾਂ ਦੱਬੇ ਘੁੱਟੇ ਵਲਵਲਿਆਂ ਦਾ ਸਹਿਜ ਪ੍ਰਗਟਾਅ ਹਨ। ਜੇ ਕਵਿਤਾ ਕਿਸੇ ਆਪ ਮਹਿਸੂਸ ਭਾਵਾਂ ਗੁੱਧੀ ਰਚਨਾ ਹੈ ਤਾਂ ਲੋਕ ਗੀਤਾਂ ਤੋਂ ਸੁੱਚੀ ਕਵਿਤਾ ਹੋਰ ਹੋ ਨਹੀਂ ਸਕਦੀ। ਇਹ ਵੇਗ ਵਿਚ ਆਏ ਭਾਵ ਹਨ ਜੋ ਬੇ-ਕਾਬੂ ਹੋਏ ਅਛੋਪਲੇ ਹੀ ਸ਼ਬਦਾਂ ਦਾ ਬਾਣਾ ਪਹਿਨ ਕੇ ਰੂਪਮਾਨ ਹੋ ਗਏ ਹਨ। ਇਹ ਦਿਲਾਂ ਦੇ ਅਥਾਹ ਚਸ਼ਮਿਆਂ ਤੇ ਬੰਬ ਦੇ ਟੁੱਟਿਆਂ ਸ਼ਬਦਾਂ ਦੀਆਂ ਮਿੱਠੀਆਂ ਤੇ ਰਸ ਗੁੱਧੀਆਂ ਛੱਲਾਂ ਹਨ।[13]

ਅੰਮ੍ਰਿਤਾ ਪ੍ਰੀਤਮ ਦੇ ਵਿਚਾਰ ਅਨੁਸਾਰ ਲੋਕਾਂ ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਉਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ ਰੋਮ ਉੱਤੇ ਲਫ਼ਜ਼ ਲਿਖਿਆ ਹੁੰਦਾ ਹੈ ਉਹ ਹੈ – ਲੋਕ ਲੋਕ ਲੋਕ। [14]

---

[12] ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ,ਪੰਨਾ 32

[13] ਉਹੀ, ਪੰਨਾ 31

[14] ਉਹੀ, ਪੰਨਾ 31-32

ਡਾ. ਸੱਤਿਆਵਰਤ ਸਿਨਹਾ, ਲੋਕ ਗੀਤਾਂ ਦੀ ਪਰਿਭਾਸ਼ਾ ਮਨੋਰੰਜਨ ਸਾਹਿਤ ਵਜੋਂ ਕਰਦਾ ਹੈ। ਜੋ ਸਰਬ ਸਾਧਾਰਨ ਸਮਾਜ ਦੀ ਮੌਖਿਕ ਰੂਪ ਵਿਚ ਭਾਵਮਈ ਅਭਿਵਿਅਕਤੀ ਹੁੰਦਾ ਹੈ। [15]

ਡਾ. ਕਰਮਜੀਤ ਸਿੰਘ ਦੇ ਅਨੁਸਾਰ, ਲੋਕ ਗੀਤ ਦਾ ਜ਼ਿਕਰ ਕਰ ਕੇ ਜੋ ਚਾਹੀਦਾ ਉਸ ਵੱਲ ਰੁਚਿਤ ਹੋ ਜਾਂਦੇ ਹਨ – ਸਮਾਜਿਕ, ਯਥਾਰਥ ਵਿਚ ਅਪ੍ਰਾਪਤ ਸੰਸਾਰ ਵਿਚ ਪ੍ਰਾਪਤੀ ਬਣ ਜਾਂਦੀ ਹੈ। [16]

ਵੱਖ-ਵੱਖ ਵਿਦਵਾਨਾਂ ਵਲੋਂ ਦਿੱਤੀਆਂ ਪਰਿਭਾਸ਼ਾਵਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਲੋਕ ਗੀਤ ਲੋਕ ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜੋ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿਚ ਅੱਗੇ ਵਧਦਾ ਹੈ। ਇਨ੍ਹਾਂ ਲੋਕ ਗੀਤਾਂ ਵਿਚੋਂ ਸਮਾਜ ਦੀ ਝਲਕ ਸਾਫ਼ ਦੇਖੀ ਜਾ ਸਕਦੀ ਹੈ ਕਿਉਂਕਿ ਲੋਕ ਸਾਹਿਤ ਨੂੰ ਸਿਰਜਨ ਵਿਚ ਕੱਚੀ ਸਮੱਗਰੀ ਸਮਾਜ ਹੀ ਪ੍ਰਦਾਨ ਕਰਦਾ ਹੈ। ਪੰਜਾਬ ਦੇ ਲੋਕ ਗੀਤਾਂ ਵਿਚੋਂ ਪੰਜਾਬ ਦੀ ਲੋਕਧਾਰਾ ਵੀ ਸਪਸ਼ਟ ਨਜ਼ਰੀ ਆਉਂਦੀ ਹੈ। ਸਮਾਜ ਦੀਆਂ ਯਥਾਰਥਕ ਘਟਨਾਵਾਂ ਦੀ ਪੇਸ਼ਕਾਰੀ ਵੀ ਲੋਕ ਸਾਹਿਤ ਵਿਚ ਝਲਕਦੀ ਹੈ। ਲੋਕ ਸਾਹਿਤ ਦੀ ਸੱਭ ਤੋਂ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਰਚਨਹਾਰੇ ਲੋਕ ਹੁੰਦੇ ਹਨ ਜੋ ਅਗਿਆਤ ਰੂਪ ਵਿਚ ਵਿਚਰਦੇ ਹਨ ਭਾਵ ਕਿਸੇ ਵੀ ਰਚਨਹਾਰੇ ਦਾ ਨਾਂ ਨਹੀਂ ਹੁੰਦਾ। ਲੋਕ ਗੀਤ ਤਾਂ ਲੋਕ ਸਮੂਹ ਵਲੋਂ ਹੀ ਸਿਰਜੇ ਜਾਂਦੇ ਹਨ ਤੇ ਲੋਕ ਸਮੂਹ ਦੀ ਪ੍ਰਵਾਨਗੀ ਮਿਲਣ ਤੇ ਹੀ ਲੋਕ ਸਾਹਿਤ ਦੇ ਘੇਰੇ ਵਿਚ ਆਉਂਦੇ ਹਨ।

---

[15] ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 71

[16] ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿੱਚ ਦੁਆਬੀ ਸਭਿਆਚਾਰ, ਪੰਨਾ 173

# ਅਧਿਆਇ ਦੂਜਾ

# ਪ੍ਰੋ. ਪਰਮਜੀਤ ਕੌਰ ਨੂਰ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ

## 2.1 ਪ੍ਰੋ. ਪਰਮਜੀਤ ਕੌਰ ਨੂਰ ਦਾ ਜੀਵਨ ਅਤੇ ਰਚਨਾ

ਪ੍ਰੋ. ਪਰਮਜੀਤ ਕੌਰ ਦਾ ਪੰਜਾਬੀ ਸਾਹਿਤ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੈ। ਪ੍ਰੋ. ਪਰਮਜੀਤ ਕੌਰ ਨੂਰ ਮਹਾਨ ਤੇ ਉੱਚੀ ਸ਼ਖ਼ਸੀਅਤ ਦੇ ਮਾਲਕ ਹਨ। ਉਨ੍ਹਾਂ ਦੇ ਮਾਤਾ ਦਾ ਨਾਮ ਸ੍ਰੀਮਤੀ ਤੇਜ਼ ਕੌਰ ਹੈ। ਪ੍ਰੋ. ਪਰਮਜੀਤ ਕੌਰ ਨੂਰ ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਕਾਦੀਆਂ ਦੀ ਜੰਮਪਲ ਹੈ। ਉਨ੍ਹਾਂ ਦੇ ਨਾਨਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੁੱਢਾ ਵਾੜ੍ਹਾ ਸਨ, ਜਿੱਥੇ ਅਕਸਰ ਉਹ ਛੋਟੇ ਹੁੰਦੇ ਜਾਇਆ ਕਰਦੇ ਸਨ। ਉਨ੍ਹਾਂ ਦੇ ਮਾਤਾ ਜੀ ਜਿਨ੍ਹਾਂ ਨੂੰ ਉਹ 'ਭਾਬੀ ਜੀ' ਕਹਿੰਦੇ ਪੰਜ ਭੈਣਾਂ ਸਨ। ਅਤੇ ਉਨ੍ਹਾਂ ਦੇ ਮਾਮਾ ਜੀ ਉਨ੍ਹਾਂ ਦਾ ਇਕੱਲਾ ਇੱਕੋ ਇੱਕ ਛੋਟਾ ਭਰਾ ਸੀ। ਨੂਰ ਤੇ ਉਨ੍ਹਾਂ ਦੀ ਭਾਬੀ ਤੇ ਸਾਰੀਆਂ ਮਾਸੀਆਂ ਕੋਲ ਲੋਕ-ਗੀਤਾਂ ਦਾ ਭਰਪੂਰ ਖ਼ਜ਼ਾਨਾ ਸੀ। ਇਹ ਸਾਰਾ ਪਰਿਵਾਰ 1947 ਦੀ ਦੇਸ਼- ਵੰਡ ਸਮੇਂ ਉੱਜੜ-ਪੁੱਜੜ ਕੇ ਲਹਿੰਦੇ ਪੰਜਾਬ ਤੋਂ ਏਧਰ ਆ ਵਸਿਆ। ਉੱਧਰ ਇਹਨਾਂ ਦੇ ਵਸੇਬੇ ਦਾ ਇਲਾਕਾ ਸਿਆਲਕੋਟ, ਨਾਰੋਵਾਲ, ਪਸਰੂਰ ਅਤੇ ਲਾਹੌਰ ਆਦਿ ਸ਼ਹਿਰ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਨਾਲ ਸੰਬੰਧਿਤ ਸੀ। ਹੋਸ਼ ਸੰਭਾਲਣ ਤੇ ਪਰਮਜੀਤ ਕੌਰ ਨੂਰ ਨੇੜੇ ਤੇੜੇ ਦੇ ਘਰਾਂ ਵਿਚ, ਜਾਂ ਆਪਣੇ ਘਰਾਂ ਵਿਚ, ਜਾਂ ਰਿਸ਼ਤੇਦਾਰੀਆਂ ਵਿਚ ਕਿਸੇ ਦੇ ਘਰ ਵੀ ਵਿਆਹ-ਸ਼ਾਦੀ ਹੋਵੇ, ਤਾਂ ਇਹ ਸਾਰੀਆਂ ਭੈਣਾਂ 'ਪੰਜ ਪਿਆਰੀਆਂ' ਗੌਣ 'ਚ ਕਿਸੇ ਦੀ ਵਾਰੀ ਨਹੀਂ ਸਨ ਆਉਣ ਦਿੰਦੀਆਂ। ਛੋਟੇ ਹੁੰਦਿਆਂ ਉਹ ਆਪਣੇ ਭਾਬੀ ਜੀ (ਮਾਂ) ਨਾਲ ਰਿਸ਼ਤੇਦਾਰੀਆਂ ਵਿਚ ਵਿਆਹਾਂ ਦੇ ਮੌਕਿਆਂ ਤੇ ਗਾਏ ਜਾਂਦੇ ਗੀਤ ਸੁਣਦੀ ਤੇ ਉਨ੍ਹਾਂ ਤੋਂ ਲੋਕ ਗੀਤ ਬੋਲਣ ਤੇ ਲਿਖਣ ਦੀ ਪ੍ਰੇਰਨਾ ਮਿਲੀ।

'ਸੁਹਾਗ' ਸੁਣਦੀਆਂ-ਸੁਣਦੀਆਂ ਔਰਤਾਂ ਅੱਖਾਂ ਨੂੰ ਸੇਜਲ ਕਰ ਲੈਂਦੀਆਂ ਸਨ। ਉਨ੍ਹਾ ਦੀ ਮਾਂ ਦੀ ਆਵਾਜ਼ ਵਿਚ ਉਸ ਸਮੇਂ ਬਹੁਤ ਗੰਭੀਰ ਵੈਰਾਗ ਆ ਜਾਂਦਾ ਸੀ। ਪ੍ਰੋ. ਪਰਮਜੀਤ ਕੌਰ ਨੂਰ ਨੂੰ ਬਚਪਨ ਵਿਚ ਕੁਝ ਲੋਕ-ਗੀਤਾਂ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਨਹੀਂ ਮਿਲੇ ਜਿਵੇਂ 'ਘੋੜੀਆਂ' ਗਾਣ ਸਮੇਂ ਜੋਸ਼ ਅਤੇ ਜਿੱਤ ਦਾ ਅਹਿਸਾਸ ਕਿਉਂ ਉੱਭਰ ਪੈਂਦਾ ਸੀ? ਹੋਰ ਲੰਮੇ ਗੀਤਾਂ ਸਮੇਂ ਦੁਖਦ-ਸੁਖ ਪਿਆਰ-ਵਿਛੋੜੇ ਦੇ ਭਾਵਾਂ ਦਾ ਰਲਵਾਂ ਮਿਲਵਾਂ ਪ੍ਰਭਾਵ ਕਿਉਂ ਪ੍ਰਗਟ ਹੋ ਜਾਂਦਾ ਸੀ? ਨੱਚਣ ਟੱਪਣ ਸਮੇਂ ਸਾਂਗ ਕਿਉਂ ਦੰਗ ਕਰ ਦਿੰਦੇ ਸਨ? ਆਦਿ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਨੂਰ ਨੂੰ ਹੋਸ਼ ਸੰਭਾਲਣ ਵੇਲੇ ਮਿਲੇ ਉਨ੍ਹਾਂ ਨੂੰ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਇੱਕ ਹੀ ਉੱਤਰ ਲੱਗਾ ਕਿ ਇਹਨਾਂ ਸਭਨਾਂ ਲੋਕਗੀਤ ਵਿਚ 'ਪੰਜਾਬਣ ਦੀ ਰੂਹ' ਸਮਾਈ ਹੋਈ ਹੈ। ਅਤੇ ਬਾਬਲ ਦੇ ਵਿਹੜੇ 'ਚ ਜੋ ਉਕਤ ਕਿਸਮ ਦੇ ਭਾਵ, ਵਿਭਾਵ ਤੇ ਰਸ ਪੈਦਾ ਕਰਦੀ ਸੀ। ਪਰ ਅੱਜ ਦੇ ਸਮੇਂ ਵਿਚ ਪਰਮਜੀਤ ਕੌਰ ਨੂਰ ਨੇ ਇਨ੍ਹਾਂ ਲੋਕ ਗੀਤਾਂ ਨੂੰ ਖੋਰਾ ਲੱਗਦਾ ਮਹਿਸੂਸ

ਕੀਤਾ। ਪਰਮਜੀਤ ਕੌਰ ਨੂਰ ਦੀਆਂ ਮਾਸੀਆਂ ਵੀ ਇੱਕ ਇੱਕ ਕਰ ਕੇ ਪਰਲੋਕ ਸਿਧਾਰ ਗਈਆਂ ਹਨ, ਲੋਕ-ਗੀਤ ਭੁੱਲਦਿਆਂ-ਭੁੱਲਦਿਆਂ ਮੁੱਕ ਚੱਲੇ ਹਨ। ਪਰਮਜੀਤ ਕੌਰ ਨੂਰ ਨੇ ਇਸ ਵੱਡਮੁੱਲੇ ਖ਼ਜ਼ਾਨੇ ਨੂੰ ਹੱਥੋਂ ਖੁੰਝਦਾ ਦੇਖ ਕੇ ਇਨ੍ਹਾਂ ਲੋਕ ਗੀਤਾਂ ਨੂੰ ਇਕੱਤਰ ਕੀਤਾ ਤੇ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਦਰਜ਼ ਕੀਤਾ ਤਾਂ ਜੋ ਪੰਜਾਬ ਦਾ ਇਹ ਵੱਡਮੁੱਲਾ ਖ਼ਜ਼ਾਨਾ ਪੂੰਜੀਵਾਦੀ ਤੇ ਵਿਸ਼ਵੀਕਰਨ ਦੀ ਦੌੜ ਹੇਠ ਗਵਾਚ ਨਾ ਜਾਵੇ।

ਇਹ ਸੱਚ ਹੈ ਕਿ ਲੋਕ ਗੀਤ ਕਿਸੇ ਦੀ ਨਿੱਜੀ ਵਿਰਾਸਤ ਨਹੀਂ ਹਨ। ਇਹ ਸਰਬ ਸਾਂਝੇ ਹਨ। ਬਹੁਤ ਸਾਰੇ ਲੋਕ ਗੀਤ ਪ੍ਰਯੋਜਨ ਤੇ ਪ੍ਰਕਿਰਤੀ ਪੱਖੋਂ ਰਲਦੇ ਮਿਲਦੇ ਅਤੇ ਇੱਕੋ ਜਿਹੇ ਹੁੰਦੇ ਹਨ, ਉਨ੍ਹਾਂ ਵਿਚ ਦੇਖੀ ਜਾਂਦੀ ਥੋੜ੍ਹੀ ਜਿਹੀ ਭਿੰਨਤਾ ਸਿਰਫ਼ ਰੂਪਾਂਤਰਨ ਜਾਂ ਉਪ ਇਕਾਈ ਉਚਾਰ ਦੇ ਸੰਦਰਭ ਸਦਕਾ ਹੀ ਆ ਗਈ ਹੁੰਦੀ ਹੈ।

ਪ੍ਰੋ. ਪਰਮਜੀਤ ਕੌਰ ਨੂਰ ਨੇ ਪਿਛਲੇ ਤਿੰਨ ਦਹਾਕਿਆਂ ਤਕ ਫਗਵਾੜੇ ਕਾਲਜ ਵਿਚ ਪੰਜਾਬੀ ਦੀ ਪ੍ਰਾਅਧਿਆਪਿਕਾ ਵਜੋਂ ਸੇਵਾ ਨਿਭਾਈ। ਉਨ੍ਹਾਂ ਦੇ ਪਤੀ ਡਾ. ਜਗੀਰ ਸਿੰਘ ਨੂਰ ਪਿਛਲੇ ਚਾਰ ਦਹਾਕਿਆਂ ਤੋਂ ਮਾਝੇ ਤੋਂ ਇੱਥੇ ਆ ਕੇ ਪ੍ਰਸਿੱਧ ਸਥਾਨਕ ਕਾਲਜ ਵਿਚ ਸੇਵਾ ਨਿਭਾ ਚੁੱਕੇ ਹਨ, ਜਿਸ ਕਰ ਕੇ ਉਨ੍ਹਾਂ ਦੇ ਪਰਿਵਾਰ ਕੋਲ ਦੁਆਬੇ ਦੇ ਖ਼ਿੱਤਾ- ਵਿਸ਼ੇਸ਼ ਦਾ ਲੋਕਧਾਰਾਈ ਧਰਾਤਲ-ਭੂਮੀ ਬੋਧ ਵੀ ਹਾਸਲ ਹੈ। ਸੋ ਸੁਭਾਵਿਕ ਹੈ ਕਿ ਉਨ੍ਹਾਂ ਦੁਆਰਾ ਇਕੱਤਰ ਕੀਤੇ ਲੋਕ ਗੀਤਾਂ ਵਿਚ ਮਾਝੇ ਅਤੇ ਦੁਆਬੇ, ਦੋਹਾਂ ਖ਼ਿੱਤਿਆਂ ਦੀਆਂ ਮੌਲਿਕ ਵੰਨਗੀਆਂ ਵੀ ਮਿਲਦੀਆ ਹਨ।

ਪ੍ਰੋ. ਨੂਰ ਨੂੰ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ’ਤੇ ਕਾਰਜ ਕਰਨ ਦੀ ਪ੍ਰੇਰਨਾ ਦੀ ਇੱਕ ਹੋਰ ਮਹੱਤਵਪੂਰਨ ਚੁਨੌਤੀ ਇਹ ਵੀ ਰਹੀ ਕਿ ਪਿਛਲੇ ਦਸ-ਬਾਰ੍ਹਾਂ ਸਾਲਾਂ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਕਰਵਾਏ ਜਾਂਦੇ ਯੂਥ ਫੈਸਟੀਵਲਾਂ ਅਤੇ ਹੋਰ ਵਿਰਾਸਤੀ ਮੁਕਾਬਲਿਆਂ ਵਿਚ ਜਾ ਕੇ ਉਨ੍ਹਾਂ ਨੂੰ ਉਦੋਂ ਬੜੀ ਨਿਰਾਸ਼ਾ ਹੁੰਦੀ ਰਹੀ ਕਿ ਮੁਕਾਬਲਿਆਂ ਵਿਚ ਹਿੱਸਾ ਲੈ ਰਹੀਆਂ ਬਹੁਤ ਸਾਰੀਆਂ ਲੜਕੀਆਂ ਨੂੰ ਲੋਕ-ਗੀਤਾਂ ਦੇ ਅਸਲੇ ਦਾ ਹੀ ਪਤਾ ਨਹੀਂ। ਉੱਥੇ ਇੱਕ ਲੋਕ ਗੀਤ ਦੀ ਪੇਸ਼ਕਾਰੀ ਸਮੇਂ ਚਾਰ-ਚਾਰ ਲੋਕ ਗੀਤਾਂ ਦੇ ਮੁਖੜੇ ਜੋੜੇ ਜਾ ਰਹੇ ਹਨ। ਲੰਮੇ ਲੋਕ ਗੀਤਾਂ ’ਚ ਮਾਡਰਨ ਗੀਤਾਂ ਦੀ ਰਲਾਵਟ ਕੀਤੀ ਜਾ ਰਹੀ ਹੁੰਦੀ ਹੈ। ਇੱਕ-ਇੱਕ ਘੋੜੀ ’ਚ ਚਾਰ-ਚਾਰ, ਪੰਜ-ਪੰਜ ਘੋੜੀਆਂ ਅਤੇ ਇੱਕ ਸੁਹਾਗ ਦੀ ਪੇਸ਼ਕਾਰੀ ਸਮੇਂ ਚਾਰ-ਚਾਰ, ਪੰਜ-ਪੰਜ ਸੁਹਾਗ ਗੀਤਾਂ ਦੇ ਬੋਲਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਇਸ ਕਰ ਕੇ ਪ੍ਰੋ. ਪਰਮਜੀਤ ਕੌਰ ਨੇ ਇਹਨਾਂ ਦੀ ਲੋੜ ਨੂੰ ਧਿਆਨ ਵਿਚ ਰੱਖ ਕੇ ਸ਼ਗਨਾਂ ਵੇਲਾ ਪੁਸਤਕ ਨੂੰ ਤਿਆਰ ਕਰਨ ਦਾ ਉਪਰਾਲਾ ਕੀਤਾ ਹੈ।

‘ਸ਼ਗਨਾਂ ਵੇਲਾ’ ਪੁਸਤਕ ਵਿਚ ਕੇਵਲ ਔਰਤ ਵੱਲੋਂ ਗਾਏ ਜਾਂਦੇ ਲੋਕ-ਗੀਤਾਂ ਨੂੰ, ਉਹ ਵੀ ਕੇਵਲ ਸੁਹਾਗ, ਘੋੜੀਆਂ ਅਤੇ ਹੋਰ ਲੰਮੇ ਪਰੰਪਰਾਗਤ ਗੌਣਾ ਨੂੰ ਹੀ ਮੌਲਿਕ ਰੂਪ ਵਿਚ, ਜੋ ਵਧੇਰੇ ਕਰ ਕੇ ਉਚਾਰ- ਪੱਧਰ ਦੀ ਭਾਸ਼ਾ ’ਚ ਹੀ ਹਨ, ਪਰ ਛੰਦ ਵਿਧਾਨ ਅਨੁਸਾਰ ਹਨ, ਨੂੰ ਪੇਸ਼ ਕੀਤਾ ਹੈ। ਮੂਲ ਰੂਪ ਵਿਚ ਇਹਨਾਂ ਲੋਕ ਗੀਤਾਂ ਵਿਚ

ਪੰਜਾਬਣ ਦੀ ਰੂਹ ਧੜਕਦੀ ਹੈ ਅਤੇ ਉਸ ਦੀ ਸਮੁੱਚੀ ਜ਼ਿੰਦਗੀ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ। ਪੰਜਾਬਣ ਦੇ ਦਿਲ ਦੀ ਧੜਕਣ ਅਤੇ ਨਬਜ਼ ਦੇ ਪ੍ਰਵਾਹ ਨੂੰ ਸੰਤੁਲਿਤ ਰੱਖਣ 'ਚ ਇਹਨਾਂ ਲੋਕ-ਗੀਤਾਂ ਨੇ ਪੀੜ੍ਹੀ ਦਰ ਪੀੜ੍ਹੀ ਬੜਾ ਉਸਾਰੂ ਯੋਗਦਾਨ ਪਾਇਆ ਹੈ।

ਪ੍ਰੋ. ਪਰਮਜੀਤ ਕੌਰ ਨੂਰ ਇਹ ਗੱਲ ਮਹਿਸੂਸ ਕਰਦੀ ਹੈ ਕਿ ਪੰਜਾਬੀ ਲੋਕ ਗੀਤਾਂ ਨੂੰ ਇਕੱਠਾ ਕਰਨ ਦਾ ਕੰਮ ਚੰਗਾ ਹੋ ਰਿਹਾ ਹੈ। ਉਨ੍ਹਾਂ ਦੀ ਨਿੱਜੀ ਰਾਇ ਇਹ ਹੈ ਕਿ ਇਹ ਕਾਰਜ ਖੋਜਕਾਰਾਂ ਇਸਤਰੀ ਦੁਆਰਾ ਜ਼ਿਆਦਾ ਭਾਵਨਾਤਮਕ, ਰਚਨਾਤਮਿਕ ਅਤੇ ਮੌਲਿਕ ਤਰੀਕੇ ਨਾਲ ਹੋ ਸਕਦਾ ਹੈ ਅਤੇ ਖ਼ਾਸ ਕਰ ਕੇ ਉਨ੍ਹਾਂ ਔਰਤਾਂ ਦੁਆਰਾ ਜੋ ਖ਼ੁਦ ਗਾ ਸਕਦੀਆਂ ਹੋਣ ਅਤੇ ਇਹਨਾਂ ਵਿਚ ਛਿਪੀ ਰੂਹ ਦੀ ਬਾਰੀਕੀ ਨੂੰ ਸਮਝ ਸਕਦੀਆਂ ਹੋਣ। 'ਸ਼ਗਨਾਂ ਵੇਲਾ' ਪੁਸਤਕ ਵਿਚ ਬਹੁਤ ਸਾਰੇ ਲੋਕ ਗੀਤ ਅਜਿਹੇ ਵੀ ਹਨ ਜੋ ਉਨ੍ਹਾਂ ਨੇ ਖ਼ੁਦ ਆਪਣੀ ਮਾਂ, ਮਾਸੀਆਂ ਭੈਣਾਂ, ਭਰਜਾਈਆਂ, ਸਖ਼ੀ-ਸਹੇਲੀਆਂ ਨਾਲ ਸਮੇਂ-ਸਮੇਂ ਗਾਉਂਦੀ ਵੀ ਰਹੀ ਹਾਂ। ਸੋ ਇਹਨਾਂ ਨੂੰ ਪ੍ਰੋ. ਪਰਮਜੀਤ ਕੌਰ ਨੇ ਸੰਭਾਲਿਆ।

ਲੋਕ ਗੀਤ ਸਮਾਜ ਜਾਂ ਸਭਿਆਚਾਰ ਦਾ ਦਰਪਣ ਹਨ। ਇਹਨਾਂ ਦੇ ਮਾਧਿਅਮ ਰਾਹੀ ਕਿਸੇ ਖ਼ਿੱਤੇ ਜਾਂ ਦੇਸ਼ ਵਿਚ ਪੈਦਾ ਹੋਏ ਲੋਕਾਂ ਦੇ ਰਸਮ-ਰਿਵਾਜ, ਚੱਜ-ਆਚਾਰ, ਤੰਗੀਆਂ-ਤੁਰਸ਼ੀਆਂ ਰੁਚੀਆਂ, ਸ਼ੌਕਾਂ ਅਤੇ ਸੰਸਕਾਰਾਂ ਦਾ ਗਿਆਨ ਭਲੀ ਭਾਂਤ ਹੀ ਹੋ ਜਾਂਦਾ ਹੈ। ਪੰਜਾਬ ਦੇ ਲੋਕ ਗੀਤ ਪੰਜਾਬੀ ਸਭਿਆਚਾਰ ਦਾ ਉਹ ਅਨਮੋਲ ਖ਼ਜ਼ਾਨਾ ਹਨ ਜੋ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਪ੍ਰਵਾਹ ਹੁੰਦੇ ਰਹੇ ਹਨ।

ਸ਼ਗਨਾਂ ਵੇਲਾ ਪੁਸਤਕ ਵਿਚ ਡੇਢ ਸੌ ਤੋਂ ਉੱਪਰ ਸੁਹਾਗ, ਘੋੜੀਆਂ ਅਤੇ ਰਵਾਇਤੀ (ਲੰਮੀ ਹੇਕ ਦੇ) ਲੋਕ ਗੀਤਾਂ ਨੂੰ 'ਦੇਈਂ ਵੇ ਬਾਬਲਾ ਉਸ ਘਰੇ (ਸੁਹਾਗ), ਘੋੜੀ ਬਾਬਲ ਵਿਹੜੇ ਜਾ (ਘੋੜੀਆਂ) ਅਤੇ ਕਿਹੜੇ ਪਿੰਡ ਤੂੰ ਪ੍ਰਾਹੁਣਾ ਜਾਣਾ (ਰਵਾਇਤੀ ਗੀਤ) ਤਹਿਤ ਅੰਕਿਤ ਕੀਤਾ ਗਿਆ ਹੈ। ਇਹਨਾਂ ਸਭਨਾਂ ਲੋਕ ਗੀਤਾਂ ਦੀ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਰੇ ਦੇ ਸਾਰੇ ਗਾਇਣ-ਸ਼ੈਲੀ ਵਿਚ ਹਨ।

## ਵਿੱਦਿਅਕ ਯੋਗਤਾ

ਐਮ.ਏ. ਰਾਜਨੀਤੀ ਸ਼ਾਸਤਰ, ਐਮ. ਏ. ਪੰਜਾਬੀ (ਗੋਲਡ ਮੈਡਲਿਸਟ), ਬੀ. ਐਡ., ਬੀ. ਲਿੰਬ. ਸਾਇੰਸ (ਗੋਲਡ ਮੈਡਲਿਸਟ), ਐਮ. ਫਿੱਲ. ਪੰਜਾਬੀ, ਕਾਲਜ ਅਧਿਆਪਨ ਦਾ ਬੱਤੀ ਸਾਲ ਦਾ ਤਜਰਬਾ।

## 2.2 ਪ੍ਰੋ. ਪਰਮਜੀਤ ਕੌਰ ਨੂਰ ਦਾ ਸਾਹਿਤਕ ਪਿਛੋਕੜ

ਪ੍ਰੋ. ਪਰਮਜੀਤ ਕੌਰ  ਨੇ ਆਪਣੇ ਸਾਹਿਤਕ ਸਫ਼ਰ ਦੌਰਾਨ ਸਾਹਿਤ ਦੀਆ ਅਨੇਕਾਂ ਵਿਧਾਵਾਂ ਵਿਚ ਆਪਣਾ ਯੋਗਦਾਨ ਪਾਇਆ। ਉਨ੍ਹਾਂ ਨੇ ਸਾਹਿਤ ਦੀ ਨਾਟਕ ਤੇ ਲੋਕ ਸਾਹਿਤ ’ਤੇ ਅਲੋਚਨਾਤਮਕ ਦ੍ਰਿਸਟੀ ਤੋਂ ਕਾਰਜ ਕੀਤਾ। ਪੰਜਾਬੀ ਤੋਂ ਇਲਾਵਾ ਉਨ੍ਹਾਂ ਨੇ ਹਿੰਦੀ ਤੇ ਸੰਸਕ੍ਰਿਤ ਵਿਚ ਵੀ ਆਪਣੀ ਕਾਰਗੁਜ਼ਾਰੀ ਕੀਤੀ।

## ਹੋਰ ਪ੍ਰਕਾਸ਼ਿਤ ਪੁਸਤਕਾਂ

1. ਰੂਹ ਪੰਜਾਬਣ (ਲੋਕਗੀਤ ਸੰਗ੍ਰਹਿ)

2. ਸ਼ਗਨਾਂ ਵੇਲਾ (ਲੋਕਗੀਤ ਸੰਗ੍ਰਹਿ )

3. ਆਲੋਚਨਾਤਮਿਕ ਯਥਾਰਥ ਅਤੇ ਪੰਜਾਬੀ ਨਾਟਕ

4. ਅਜਮੇਰ ਸਿੰਘ ਔਲਖ ਦੀ ਨਾਟ- ਦ੍ਰਿਸ਼ਟੀ

5. ਪੰਜਾਬੀ ਨਾਟਕ ਅਤੇ ਅਜਮੇਰ ਔਲਖ

6. ਪੰਜਾਬੀ ਸੰਸਕ੍ਰਿਤੀ ਕੇ ਪ੍ਰਤਿਮਾਨ (ਹਿੰਦੀ ’ਚ)

7. ਪੰਜਾਬਣਾਂ ਦੇ ਲੋਕ ਨਾਚ- ਪਰੰਪਰਾ ਤੋਂ ਅਜੋਕੀ ਸਟੇਜ ਤੱਕ (ਛਪ ਰਹੀ)

## ਹੋਰ ਗਤੀਵਿਧੀਆਂ -

1. 1986 ਤੋਂ ਕਾਲਜ ਵਿਚ ਵਿਦਿਆਰਥੀ ਭਲਾਈ ਅਤੇ ਸੰਬੰਧਿਤ ਸਹਿ-ਸਰਗਰਮੀਆਂ ਦੀ ਮੁਖੀ ਅਤੇ ਸਾਹਿਤਕ ਗਤੀਵਿਧੀਆਂ ਦੀ ਇੰਚਾਰਜ ਵਜੋਂ ਭੂਮਿਕਾ ਨਿਭਾਉਂਦੀ ਰਹੀ।
2. 1988 ਤੋਂ ਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਦੇ ਯੂਥ ਫੈਸਟੀਵਲਾਂ ਵਿਚ ਬਤੌਰ-ਗਿੱਧਾ, ਲੋਕਗੀਤ, ਰਵਾਇਤੀ ਗੀਤ, ਸੰਮੀ, ਨਾਟਕ, ਕਵਿਤਾ ਅਤੇ ਭਾਸ਼ਣ ਮੁਕਾਬਲਿਆਂ ਵਿਚ ਵੀ ਬਤੌਰ ਜੱਜ ਭੂਮਿਕਾ ਨਿਭਾਉਂਦੀ ਰਹੀ ਹਾਂ।
3. ਸਮੁੱਚੇ ਪੰਜਾਬ ਦੇ ਸਟੇਟ ਪੱਧਰੀ ਗਿੱਧੇ, ਲੋਕ ਗੀਤ ਅਤੇ ਮਿਸ ਪੰਜਾਬਣ ਦੇ ਮੁਕਾਬਲਿਆਂ ਵਿਚ ਵੀ ਪਿਛਲੇ ਵੀਹ ਸਾਲਾਂ ਤੋਂ ਬਤੌਰ ਜੱਜ ਭੂਮਿਕਾ ਨਿਭਾਉਂਦੀ ਰਹੀ ਹਾਂ।

## ਰੇਡੀਉ ਵਰਤਾਵਾਂ

1. 1981 ਤੋਂ ਹੁਣ ਤਕ 65-70 ਵਰਤਾਵਾ ਬ੍ਰਾਡਕਾਸਟ ਹੋ ਚੁੱਕੀਆਂ ਹਨ। ਜਿਨ੍ਹਾਂ ਦੇ ਵਿਸ਼ੇ ਨਾਰੀ ਜਾਤੀ, ਘਰ ਪਰਿਵਾਰ, ਬੱਚੇ ਅਤੇ ਔਲਾਦ, ਰਿਸ਼ਤਿਆਂ ਦੇ ਸੰਬੰਧਾਂ ਤੋਂ ਇਲਾਵਾ ਪੰਜਾਬੀ ਮਾਂ ਬੋਲੀ, ਸਾਹਿਤ ਦੀਆਂ ਵਿਭਿੰਨ ਵਿਧਾਵਾਂ ਅਤੇ ਪੰਜਾਬੀ ਸਭਿਆਚਾਰ ਬਾਰੇ ਹਨ।

## ਹੋਰ ਪ੍ਰਕਾਸ਼ਿਤ ਰਚਨਾਵਾਂ

ਸਮਕਾਲ ਵਿਚ ਪ੍ਰਕਾਸ਼ਿਤ ਹੋ ਰਹੀਆਂ ਪ੍ਰਸਿੱਧ ਛੇ ਰੋਜ਼ਾਨਾ ਅਖ਼ਬਾਰਾਂ ਅਤੇ ਦਰਜਨ ਤੋਂ ਵੱਧ ਨਾਮਵਰ ਖੋਜ ਪਰਚਿਆਂ (ਮੈਗਜ਼ੀਨ) ਵਿਚ ਲਗਾਤਾਰ ਆਧੁਨਿਕ ਸਾਹਿਤ ਅਤੇ ਸਭਿਆਚਾਰ ਦੇ ਵਿਭਿੰਨ ਵਿਸ਼ਿਆਂ ਬਾਬਤ ਲਗਾਤਾਰ ਆਰਟੀਕਲ ਅਤੇ ਖੋਜ ਪੇਪਰ ਛਪ ਰਹੇ ਹਨ । ਜਿਨ੍ਹਾਂ ਵਿਚੋਂ ਕੁੱਝ ਕੁ ਛਪ ਚੁੱਕੇ ਆਰਟੀਕਲਜ਼ ਦੇ ਨਾਮ ਇਵੇਂ ਹਨ :-

1. ਔਰਤ ਲਈ ਵਰਦਾਨ ਹੈ ਵਿੱਦਿਆ ਦਾ ਚਾਨਣ
2. ਜਵਾਨ ਹੋ ਰਹੀ ਔਲਾਦ ਅਤੇ ਮਾਪੇ
3. ਔਰਤ ਦੀ ਸਿਹਤ ਅਤੇ ਪਰਿਵਾਰਕ ਵਿਉਂਤਬੰਦੀ
4. ਰੂਹ ਪੰਜਾਬਣ ਦੀ
5. ਪਿੰਡ ਦੀ ਸੱਥ ’ਚੋ ਉਪਜਿਆ ਸੱਚ
6. ਵੀਰ ਮੇਰਾ ਘੋੜੀ ਚੜ੍ਹਿਆ
7. ਰਾਸ਼ਟਰੀ ਅਖੰਡਤਾ ਅਤੇ ਫ਼ਿਰਕੂ ਸਦਭਾਵਨਾ
8. ਵਿੱਦਿਆ ਪੜ੍ਹਾ ਦੇਈਂ ਬਾਬਲਾ, ਭਾਵੇਂ ਦੇਈਂ ਨਾ ਦਾਜ ਵਿਚ ਗਹਿਣੇ
9. ਇਸਤਰੀ ਸਿੱਖਿਆ ਅਤੇ ਸਮਾਜਿਕ ਵਿਕਾਸ
10. ਸਿਹਤਮੰਦ ਔਰਤ ਦੀ ਭੂਮਿਕਾ

## ਮਾਣ - ਸਨਮਾਨ

ਮਾਝਾ, ਰਿਆੜਕੀ, ਦੁਆਬਾ ਅਤੇ ਮਾਲਵੇ ਦੀਆਂ ਦਰਜਨ ਤੋਂ ਵੱਧ ਸਮਾਜਕ, ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਵੱਲੋਂ ਮਾਨ ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਪ੍ਰੋ. ਪਰਮਜੀਤ ਕੌਰ ਨੂਰ ਹੁਣ, ਸੇਵਾ ਮੁਕਤੀ ਉਪਰੰਤ ਸਾਹਿਤਕ, ਸਭਿਆਚਾਰਕ ਗਤੀਵਿਧੀਆਂ ਨਾਲ ਜੁੜ ਕੇ ਅਗਲੀ ਪੀੜ੍ਹੀ ਨੂੰ ਨਿਰਸ਼ੁਲਕ ਸੇਵਾਵਾਂ ਪ੍ਰਦਾਨ ਕਰਨ ਦੇ ਯਤਨਾਂ ਵਿਚ ਹੈ ਜੋ ਕਿ ਉਨ੍ਹਾਂ ਦਾ ਇਹ ਇੱਕ ਮਹਾਨ ਕਾਰਜ ਹੈ।

# ਅਧਿਆਇ ਤੀਜਾ

# ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ

## (ਪੰਜਾਬੀ ਲੋਕ ਜੀਵਨ, ਪੰਜਾਬੀ ਰਹੁ-ਰੀਤਾਂ, ਪੰਜਾਬੀ ਲੋਕ-ਵਿਸ਼ਵਾਸ ਦੇ ਸੰਦਰਭ ਵਿਚ)

ਲੋਕਧਾਰਾ ਦਾ ਖੇਤਰ ਬਹੁਤ ਵਿਆਪਕ ਹੈ। ਮਨੁੱਖ ਦੀ ਜ਼ਿੰਦਗੀ ਨਾਲ ਸੰਬੰਧਿਤ ਰਸਮਾਂ-ਰਿਵਾਜ, ਰਹੁ ਰੀਤਾਂ, ਸਾਕਾ ਚਾਰੀ, ਲੋਕ ਧੰਦੇ, ਲੋਕ ਵਿਸ਼ਵਾਸ ਆਦਿ ਲੋਕਧਾਰਾ ਦੇ ਖੇਤਰ ਵਿਚ ਆ ਜਾਂਦੇ ਹਨ। ਲੋਕਧਾਰਾ ਨੂੰ ਸਭਿਆਚਾਰ ਦਾ ਪ੍ਰੈਕਟੀਕਲ ਵਰਤਾਰਾ ਕਹਿ ਦੇਣਾ ਕੋਈ ਅੱਤਕਥਨੀ ਨਹੀਂ ਹੈ। ਲੋਕਧਾਰਾ ਇੱਕ ਜੀਵੰਤ ਵਰਤਾਰਾ ਹੈ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦਾ ਹੈ। ਮਨੁੱਖ ਆਪਣੀ ਜ਼ਿੰਦਗੀ ਵਿਚ ਦੁੱਖਾਂ ਤੇ ਸੁੱਖਾਂ ਨੂੰ ਭੋਗਦਾ ਹੈ। ਆਪਣੀ ਜ਼ਿੰਦਗੀ ਦੌਰਾਨ ਆਏ ਦੁੱਖ-ਸੁੱਖ ਨੂੰ ਵਿਅਕਤ ਕਰਨ ਲਈ ਉਹ ਕੁੱਝ ਖ਼ਾਸ ਰਸਮਾਂ, ਰੀਤਾਂ ਬਣਾਉਂਦਾ ਹੈ। ਇਨ੍ਹਾਂ ਰਸਮਾਂ ਰੀਤਾਂ ਵਿਚ ਲੋਕ ਸਾਹਿਤ ਵੀ ਝਲਕਦਾ ਹੈ। ਵਿਆਹ ਸ਼ਾਦੀ ਦੇ ਮੌਕੇ ’ਤੇ ਪੰਜਾਬਣਾਂ, ਲੋਕ-ਕਾਵਿ ਰਾਹੀਂ ਆਪਣੇ ਉਲਾਸ ਭਾਵਾਂ ਨੂੰ ਵਿਅਕਤ ਕਰਦੀਆਂ ਹਨ। ਇਨ੍ਹਾਂ ਭਾਵਾਂ ਨੂੰ ਪੇਸ਼ ਕਰਨ ਲਈ ਲੋਕ ਕਾਵਿ ਅੱਗੋਂ ਕਈ ਵੰਨਗੀਆਂ ਦੇ ਰੂਪ ਵਿਚ ਉਪਲਬਧ ਹੈ। ਜਿਨ੍ਹਾਂ ਵਿਚੋਂ ਸੁਹਾਗ, ਘੋੜੀਆਂ, ਬੋਲੀਆਂ, ਟੱਪੇ, ਸਿੱਠਣੀਆਂ ਤੇ ਦੁੱਖ ਸਮੇਂ ਕੀਰਨੇ, ਅਹਲੂਣੀਆਂ ਵੈਣ ਆਦਿ ਪੰਜਾਬੀ ਦੇ ਪ੍ਰਮੁੱਖ ਲੋਕ-ਕਾਵਿ ਹਨ।

### 4.1 ਪੰਜਾਬੀ ਲੋਕ ਜੀਵਨ

ਪੰਜਾਬੀ ਅਮੀਰ ਲੋਕ ਵਿਰਸੇ ਦੇ ਮਾਲਕ ਹਨ ਸਮਾਜਿਕ, ਸਭਿਆਚਾਰਕ, ਇਤਿਹਾਸਿਕ ਅਤੇ ਧਾਰਮਿਕ ਪ੍ਰਸਥਿਤੀਆਂ ਵਿਚ ਵਿਚਰਦਿਆਂ ਹੋਇਆ ਇਹਨਾਂ ਦੀ ਵਿਰਾਸਤ ਦੇ ਪ੍ਰਮਾਣਿਕ ਪਹਿਲੂਆਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਬਿਨਾਂ ਕਿਸੇ ਵਿੰਗ ਵਲੇਂਵੇਂ, ਅਡੰਬਰ ਜਾਂ ਦਿਖਾਵੇ ਦੇ। ਇਹ ਲੋਕ ਸਾਦਗੀ ਅਤੇ ਸਰਲਤਾ ਭਰਿਆ ਜੀਵਨ ਬਸਰ ਕਰਨ ਦੇ ਆਦਿ ਹਨ। ਪੰਜਾਬੀ ਲੋਕ ਜੀਵਨ ਵਿਚ ਉਨ੍ਹਾਂ ਦਾ ਰਹਿਣ-ਸਹਿਣ, ਖਾਣ- ਪੀਣ, ਪਹਿਰਾਵਾ, ਲੋਕ ਧੰਦੇ, ਸਾਕਾ ਚਾਰੀ (ਰਿਸ਼ਤਾ ਨਾਤਾ ਪ੍ਰਬੰਧ), ਲੋਕ ਵਿਸ਼ਵਾਸ ਕਦਰਾਂ ਕੀਮਤਾਂ ਆਦਿ ਸਭ ਕੁੱਝ ਆ ਜਾਂਦਾ ਹੈ।

ਸ਼ੁਰੂ ਤੋਂ ਹੀ ਮਰਦ ਪ੍ਰਧਾਨ ਸਮਾਜ ਵਿਚ ਰਹਿੰਦਿਆਂ ਔਰਤ ਖ਼ੁਸ਼ੀ ਦੀ ਭਾਲ ਕਰਦੀ ਰਹੀ ਹੈ। ਪਰ ਔਰਤ ਨੂੰ ਇੰਨੀ ਆਜ਼ਾਦੀ ਨਹੀਂ ਸੀ, ਕਿ ਉਹ ਆਪਣੇ ਬਾਬਲ ਕੋਲੋਂ ਕੁੱਝ ਮੰਗ ਸਕੇ, ਲੋਕ ਗੀਤ ਹੀ ਇੱਕ ਅਜਿਹਾ ਜਰੀਆਂ ਸੀ

ਜਿਸ ਰਾਹੀ ਇੱਕ ਕੁੜੀ ਜੋ ਕਿ ਆਪਣੇ ਬਾਪ ਨੂੰ ਅਰਜੋਈ ਕਰ ਰਹੀ ਕਿ ਮੈਨੂੰ ਅਜਿਹੇ ਘਰ ਵਿਆਹੀ ਜਿੱਥੇ ਸਹੁਰਾ ਪਰਿਵਾਰ ਵਧੀਆਂ ਹੋਵੇ, ਵੱਡਾ ਪਰਿਵਾਰ ਹੋਵੇ । ਜਿਵੇਂ:-

"ਦੇਈਂ ਵੇ ਬਾਬਲ ਉਸ ਘਰੇ

ਜਿੱਥੇ ਸੱਸ ਭਲੀ ਪ੍ਰਧਾਨ,

ਸਹੁਰਾ ਸਰਦਾਰ ਹੋਵੇ।

ਡਾਹ ਪੀੜ੍ਹਾ ਬਹਿੰਦੀ ਸਾਹਮਣੇ,

ਮੱਥੇ ਕਦੇ ਨਾ ਪਾਉਂਦੀ ਵੱਟ,

ਬਾਬਲ ਤੇਰਾ ਪੁੰਨ ਹੋਵੇ।

ਪੁੰਨ ਹੋਵੇ ਤੇਰਾ ਦਾਨ ਹੋਵੇ,

ਤੇਰਾ ਹੋਵੇਗਾ ਵੱਡੜਾ ਜੱਸ,

ਬਾਬਲ ਤੇਰਾ ਪੁੰਨ ਹੋਵੇ।"[17]

ਲੋਕ ਗੀਤ ਦੇ ਇਸ ਕਾਵਿ ਟੋਟੇ ਵਿਚ ਪੰਜਾਬੀ ਸਮਾਜ ਦੀ ਝਲਕ ਨਜ਼ਰੀ ਪੈਂਦੀ ਹੈ। ਧੀ ਹਮੇਸ਼ਾ ਹੀ ਇੱਕ ਚੰਗਾ ਸਹੁਰਾ ਪਰਿਵਾਰ ਦੀ ਆਸ ਰੱਖਦੀ ਹੈ। ਪੰਜਾਬ ਇੱਕ ਮਰਦ ਪ੍ਰਧਾਨ ਸਮਾਜ ਹੈ ਜਿੱਥੇ ਮਰਦ ਦੀ ਗੱਲ ਮੰਨੀ ਜਾਂਦੀ ਹੈ ਜਾਂ ਫਿਰ ਇੰਝ ਕਹਿ ਲਓ ਕਿ ਮਰਦ ਹੀ ਆਪਣੀ ਗੱਲ ਮਨਾਉਂਦਾ ਹੈ। ਧੀ ਦਾ ਰਿਸ਼ਤਾ ਉਸ ਦਾ ਬਾਬਲ ਹੀ ਤੈਅ ਕਰਦਾ ਹੈ ਧੀ ਲਈ ਵਰ ਲੱਭਣ ਦਾ ਕੰਮ ਬਾਬਲ ਕਰਦਾ ਜਿਸ ਕਰ ਕੇ ਧੀ ਆਪਣੇ ਬਾਬਲ ਨੂੰ ਇਹ ਫ਼ਰਿਆਦ ਕਰਦੀ ਕਿ ਆਪਣੀ ਧੀ ਲਈ ਅਜਿਹਾ ਵਰ ਲੱਭੀ ਜਿੱਥੇ ਉਸ ਦੀ ਕੋਈ ਪੁੱਛ-ਗਿੱਛ ਹੋਵੇ ਤੇ ਉਸ ਦਾ ਸਹੁਰਾ ਪਰਿਵਾਰ ਵੀ ਅਜਿਹਾ ਹੋਵੇ ਜਿੱਥੇ ਉਸ ਨੂੰ ਭਲੀ ਸੱਸ ਮਿਲੇ। ਸੱਸ ਦੇ ਭਲੇ ਹੋਣ ਦੀ ਮੰਗ ਵੀ ਪੰਜਾਬੀ ਸਭਿਆਚਾਰ ਨਾਲ ਜੋੜਦੀ ਹੈ ਕਿਉਂਕਿ ਪੰਜਾਬੀ ਲੋਕਧਾਰਾ ਜਾਂ ਸਭਿਆਚਾਰ ਵਿਚ ਨੂੰਹ ਸੱਸ ਦੇ ਰਿਸ਼ਤੇ ਵਿਚ ਖਿਚਾਅ ਆਮ ਦੇਖਿਆ ਜਾ ਸਕਦਾ ਹੈ। ਇਹ ਖਿਚਾਅ ਜਾਂ ਤਣਾਅ ਪੰਜਾਬੀ ਲੋਕ-ਗੀਤਾਂ ਵਿਚ ਸਪਸ਼ਟ ਦੇਖਿਆ ਜਾ ਸਕਦਾ ਹੈ।

"ਸੁਣੋ ਨੀ ਵਿਹੜੇ ਵਾਲੀਓ,

---

[17] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ18

ਮੈਂ ਬੋਲਾਂ ਤੇ ਕੁਪੱਤੀ

ਸੁਣੋ ਨੀ ਵਿਹੜੇ ਵਾਲੀਓ,

ਮੈਂ ਬੋਲਾਂ ਤੇ ਕੁਪੱਤੀ

ਸੱਸ ਮੇਰੀ ਨੇ ਭਾਂਡੇ ਵੰਡੇ,

ਸੱਸ ਮੇਰੀ ਨੇ ਭਾਂਡੇ ਵੰਡ,

ਮੇਰੀ ਵੰਡੇ ਕੜਛੀ,

ਸੁਣੋ ਨੀ ਵਿਹੜੇ ਵਾਲਿਓ

ਮੈਂ ਮੱਛੀ ਵਾਂਗ ਤੜਫੀ,

ਸੁਣੋ ਨੀ ਵਿਹੜੇ ਵਾਲੀਓ,

ਮੈਂ ਬੋਲਾਂ ਤੇ ਕੁਪੱਤੀ।"[18]

ਸੱਸ ਅਤੇ ਨੂੰਹ ਦੀ ਆਪਸ ਵਿਚ ਨੋਕ-ਝੋਕ ਪੰਜਾਬੀ ਲੋਕ ਜੀਵਨ ਦੀ ਝਲਕ ਹੈ ਅਤੇ ਇਸ ਵਿਚ ਇਹ ਕਿਹਾ ਗਿਆ ਕਿ ਜੇਕਰ ਸੱਸ ਆਪਣੀ ਨੂੰਹ ਨੂੰ ਕੁੱਝ ਬੋਲਦੀ ਹੈ ਤਾਂ ਕੋਈ ਕੁੱਝ ਨਹੀਂ ਬੋਲਦਾ, ਪਰ ਜੇ ਨੂੰਹ ਬੋਲੇ ਤਾਂ ਉਸ ਕੁਪੱਤੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਲੋਕ ਸਾਹਿਤ ਵਿਚ ਬਾਬਲ ਨਾਲ ਸੰਬੰਧਿਤ ਵੀ ਬਹੁਤ ਸਾਰੇ ਲੋਕ ਗੀਤ ਮਿਲਦੇ ਹਨ ਜਿਨ੍ਹਾਂ ਵਿਚ ਧੀ ਤੇ ਬਾਬਲ ਦੇ ਆਪਸੀ ਰਿਸ਼ਤਾ, ਪਿਆਰ ਤੇ ਧੀ ਪ੍ਰਤੀ ਬਾਬਲ ਦੀ ਜ਼ਿੰਮੇਵਾਰੀ ਨੂੰ ਪੇਸ਼ ਕੀਤਾ ਗਿਆ ਹੈ।

"ਉੱਠ ਵੇਂ ਬਾਬਲ ਸੁੱਤਿਆਂ,

ਧੀਆਂ ਮਣਸਣ ਦਾ ਵੇਲਾ ਹੋ ਗਿਆ ਵੇ

ਜੱਸ ਖੱਟਣੇ ਦਾ ਵੇਲਾ ਹੋ ਗਿਆ ਵੇ

ਮਹਿਲੀਂ ਬੋਲਦੇ ਕਬੂਤਰ ਕਰਦੇ ਗੁਟਕੂ - " ਗੁਟਕੂ ਵੇ,

---

[18] ਉਹੀ, ਪੰਨਾ-213

ਬਾਗ਼ੀ ਬੋਲਦੀਆਂ ਕੋਇਲਾਂ ਲੈਂਦੀਆਂ

ਰਾਮ ਜੀ ਦਾ ਨਾਮ।"[19]

ਇਸ ਲੋਕ ਗੀਤ ਵਿਚ ਧੀ ਦੇ ਬਾਬਲ ਨੂੰ ਸੰਬੋਧਨ ਕੀਤਾ ਗਿਆ ਹੈ ਕਿ ਹੁਣ ਤੂੰ ਉੱਠ ਜਾ ਕਿਉਂਕਿ ਤੇਰੀ ਧੀ ਮੁਟਿਆਰ ਹੋ ਗਈ ਹੈ ਅਤੇ ਧੀ ਦਾ ਵਿਆਹ ਕਰ ਕੇ ਜੱਸ ਖੱਟ ਭਾਵ ਕਿ ਤੇਰੀ ਸ਼ੋਭਾ ਵਧੇ।

ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਆਏ ਸ਼ਬਦ ਪੀੜ੍ਹਾ, ਰਿੜਕਾਂ, ਚਾਟੀਆਂ ,ਸੰਦੂਕ, ਦਰਜ਼ੀ, ਸੁਨਿਆਰ ਆਦਿ ਸ਼ਬਦ ਪੰਜਾਬੀਆ ਦੇ ਰਹਿਣ- ਸਹਿਣ, ਖਾਣ –ਪੀਣ, ਪਹਿਰਾਵੇ, ਲੋਕ ਧੰਦਿਆਂ ਨੂੰ ਪੇਸ਼ ਕਰਦੇ ਹਨ ਅਤੇ ਲੋਕ ਜੀਵਨ ਦੀ ਤਰਜ਼ਮਾਨੀ ਕਰਦੇ ਹਨ।

ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਪੰਜਾਬ ਦੇ ਰਹਿਣ ਸਹਿਣ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਪੰਜਾਬ ਦੀਆਂ ਰਸਮਾਂ ਰਿਵਾਜਾਂ, ਰਹੁ-ਰੀਤਾਂ, ਕਦਰਾ-ਕੀਮਤਾਂ ਤੇ ਇੱਥੋਂ ਤੱਕ ਵਰਜਨਾਵਾਂ ਵੀ ਲੋਕ ਸਾਹਿਤ ਵਿਚੋਂ ਝਲਕਦੀਆਂ ਹਨ। ਔਰਤਾਂ ਆਂਪਣੇ ਮਨ ਦੇ ਭਾਵਾਂ ਨੂੰ ਵਿਅਕਤ ਕਰਨ ਲਈ ਖ਼ੁਸ਼ੀ ਗ਼ਮੀ ਦੇ ਮੌਕੇ ਵਿਚ ਲੋਕ ਗੀਤਾਂ ਦਾ ਹੀ ਸਹਾਰਾ ਲੈਂਦੀਆਂ ਸਨ ਪਰ ਅੱਜ ਦੇ ਯੁੱਗ ਵਿਚ ਪੰਜਾਬ ਦੇ ਰਹਿਣ ਸਹਿਣ ਵਿਚ ਥੋੜ੍ਹੀ ਭਿੰਨਤਾ ਦੇਖੀ ਜਾ ਸਕਦੀ ਹੈ ਅੱਜ ਦੀ ਔਰਤ ਪਹਿਲਾ ਦੀ ਔਰਤ ਨਾਲੋਂ ਵਧੇਰੇ ਖੁੱਲ੍ਹ ਤੇ ਅਜ਼ਾਦੀ ਮਾਣਦੀ ਹੈ ਪਰ ਫਿਰ ਵੀ ਉਹ ਮਰਦ ਦੀ ਕੈਦ ਤੋਂ ਪੂਰੀ ਤਾਂ ਨਹੀਂ ਛੁੱਟੀ।

## 4.2 ਪੰਜਾਬੀ ਰਹੁ -ਰੀਤਾਂ

ਰਹੁ-ਰੀਤਾਂ, ਰਸਮ-ਰਿਵਾਜ ਜਾਂ ਸੰਸਕਾਰ ਮਨੁੱਖੀ ਮਨ ਦੀਆਂ ਸੱਧਰਾਂ ਅਤੇ ਜ਼ਜਬਿਆ ਦੀ ਤਰਜਮਾਨੀ ਕਰਦੇ ਹਨ। ਹਰ ਖ਼ਿੱਤੇ, ਧਰਮ, ਦੇਸ਼ ਆਦਿ ਲੋਕਾਂ ਦੇ ਰਸਮ-ਰਿਵਾਜ, ਜਨਮ ਤੋਂ ਲੈ ਕੇ ਮਰਨ ਤੱਕ ਵਿਅਕਤੀ ਦੇ ਨਾਲ-ਨਾਲ ਨਿਭਦੇ ਰਹਿੰਦੇ ਹਨ। ਇਹਨਾਂ ਰਸਮਾਂ ਰਿਵਾਜ਼ਾਂ ਨੂੰ ਨੇਪਰੇ ਚਾੜ੍ਹਨ ਲਈ ਕਿਸੇ ਪੰਡਿਤ, ਪ੍ਰੋਹਿਤ, ਨਾਈ, ਭਾਈ, ਦਾਈ ਜਾਂ ਮੁੱਲਾਂ, ਮੁਲਾਣੇ ਆਦਿ ਨੂੰ ਸੱਦ ਕੇ ਉਸ ਦੀ ਅਗਵਾਈ ਵੀ ਲਈ ਜਾਂਦੀ ਹੈ ਅਤੇ ਆਪਣੇ ਬਜ਼ੁਰਗਾਂ ਜਾਂ ਹੋਰ ਨੇੜੇ ਦੇ ਰਿਸ਼ਤੇਦਾਰਾਂ ਦੀ ਵੀ ਰਾਇ ਇੰਜ ਮੰਨੀ ਜਾਂਦੀ ਹੈ, ਜਿਵੇਂ ਵਿਧਾਨ ਦੀ ਪਾਲਨਾ ਕੀਤੀ ਜਾਂਦੀ ਹੋਵੇ। ਹਰ ਸਮਾਜਿਕ ਭਾਈਚਾਰੇ ਵਿਚ ਰਸਮ- ਰਿਵਾਜ ਪੁਸ਼ਤ ਦਰ ਪੁਸ਼ਤ ਚੱਲਦੇ ਆ ਰਹੇ ਹਨ। ਭਾਵੇਂ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਸੀ ਕਾਰਨਾਂ ਕਰ ਕੇ ਇਹਨਾਂ ਵਿਚ ਸਮੇਂ-ਸਮੇਂ ਕੁੱਝ ਪਰਿਵਰਤਨ ਦਿਖਾਈ ਦਿੰਦੇ ਹਨ ਪਰ ਇਹਨਾਂ

[19] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-43

ਦੀ ਮੂਲ ਭਾਵਨਾ ਸਦਾ ਤੋਂ ਉਹੋ ਰਹੀ ਹੈ। ਹਰੇਕ ਜਾਤੀ ਜਾਂ ਧਰਮ ਜਾਂ ਖ਼ਿੱਤੇ ਦੇ ਲੋਕ ਇਹਨਾਂ ਰਸਮਾਂ-ਰਿਵਾਜਾਂ ਨੂੰ ਆਪਣੇ ਤਰੀਕੇ ਨਾਲ ਨਿਭਾਉਂਦੇ ਹਨ। ਪੰਜਾਬੀਆਂ ਦੇ ਜਨਮ, ਵਿਆਹ, ਮਰਨ ਨਾਲ ਸੰਬੰਧਿਤ ਕੁੱਝ ਰਹੁ-ਰੀਤਾਂ ਹਨ ਜਿਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਹੈ।

### 4.2.1 ਜਨਮ ਨਾਲ ਸੰਬੰਧਿਤ ਰਹੁ- ਰੀਤਾਂ

ਬੱਚੇ ਦੇ ਜਨਮ ਨਾਲ ਵੰਸ਼ ਪਰੰਪਰਾ ਅੱਗੇ ਤੁਰਦੀ ਹੈ, ਇਸ ਕਰ ਕੇ ਬੱਚੇ ਦੇ ਜਨਮ ਦੇ ਸਮੇਂ ਨੂੰ ਬਹੁਤ ਹੀ ਸੁਭਾਗਾ ਮੰਨਿਆਂ ਜਾਂਦਾ ਹੈ। ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਬਹੁਤ ਸਾਰੇ ਰੱਖ ਰਖਾਊ ਅਤੇ ਮੌਤਾਂ ਵੱਲ ਖ਼ਾਸ ਧਿਆਨ ਦਿੱਤਾ ਜਾਣਾ ਆਰੰਭ ਹੋ ਜਾਂਦਾ ਹੈ। ਮਾਂ ਦੇ ਗਰਭ ਧਾਰਨ ਦੇ ਤੀਜੇ, ਪੰਜਵੇਂ ਅਤੇ ਸੱਤਵੇਂ ਮਹੀਨੇ ਵਿਚ ਉਸ ਦੇ ਪੱਲੇ ਨਾਲ ਅਨਾਜ ਬੰਨ੍ਹਿਆ ਜਾਂਦਾ ਹੈ। ਜੇ ਗਰਭਵਤੀ ਸਹੁਰੇ ਘਰ ਗਈ ਹੋਵੇ, ਤਾਂ ਇਹ ਅਨਾਜ ਉਸ ਦੇ ਮਾਪੇ ਭੇਜਦੇ ਹਨ। ਉਹ ਇਸ ਅਨਾਜ ਨੂੰ ਪੱਲੇ ਨਾਲ ਬੰਨ੍ਹਦੀ, ਰਿੰਨ੍ਹ ਕੇ ਖਾਂਦੀ ਅਤੇ ਭਾਈਚਾਰੇ ਵਿਚ ਵੰਡਦੀ ਹੈ। ਫਿਰ ਜਣੇਪੇ ਪਿੱਛੋਂ ਜੱਚਾ ਅਤੇ ਬੱਚੇ ਨੂੰ ਧੂਫ਼ ਦਿੱਤੀ ਜਾਂਦੀ ਹੈ। ਦੀਵਾ ਬਾਲ ਕੇ ਨੇੜੇ ਰੱਖਿਆ ਜਾਂਦਾ ਹੈ ਜਿਹੜਾ ਕਿ ਦਸ ਦਿਨ ਜਗਦਾ ਹੈ। ਬੱਚੇ ਦੇ ਜਨਮ ਤੋਂ ਥੋੜ੍ਹੀ ਦੇਰ ਬਾਅਦ ਨਾੜੂਆ ਕੱਟਿਆ ਜਾਂਦਾ ਹੈ। ਮੁੰਡਾ ਜੰਮਿਆ ਹੋਵੇ ਤਾਂ ਪਿੰਡ ਦੇ ਲਾਗੀ ਵਧਾਈ ਦੇਣ ਆਉਂਦੇ ਹਨ। ਜਨਮ ਤੋਂ ਪਿੱਛੋਂ ਗੁੜ੍ਹਤੀ ਦੇਣ ਦੀ ਰਸਮ ਮਹੱਤਵਪੂਰਨ ਸਮਝੀ ਜਾਂਦੀ ਹੈ। ਬੱਚੇ ਨੂੰ ਦਿੱਤੀ ਗੁੜ੍ਹਤੀ ਦਾ ਬੱਚੇ ਦੇ ਸੁਭਾ ਤੇ ਡੂੰਘਾ ਅਸਰ ਮੰਨਿਆ ਜਾਂਦਾ ਹੈ। ਇਸ ਤੋਂ ਪਿੱਛੋਂ ਪੰਜਵਾਂ ਨਹਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਛੇਵੇਂ ਦਿਨ ਛੱਟੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਪੰਜਾਬ ਵਿਚ ਬੱਚੇ ਦਾ ਨਾਮ ਰੱਖਣ ਲਈ ਕੋਈ ਵਿਸ਼ੇਸ਼ ਨਾਮ ਸੰਸਕਾਰ ਨਹੀਂ ਕੀਤਾ ਜਾਂਦਾ। ਜਰਾ ਜਵਾਨ ਹੋਣ ਤੇ ਹਿੰਦੂ ਜਨੇਊ ਪਹਿਨਦੇ ਤੇ ਸਿੱਖ ਅੰਮ੍ਰਿਤ ਛਕਦੇ ਹਨ। ਇਹ ਸਾਰੇ ਸੰਸਕਾਰ ਮੁੰਡਿਆ ਲਈ ਹੀ ਕੀਤੇ ਜਾਂਦੇ ਹਨ। ਪਰ ਹੁਣ ਧੀਆਂ ਪ੍ਰਤੀ ਵੀ ਲੋਕਾਂ ਦਾ ਦ੍ਰਿਸ਼ਟੀਕੋਣ ਬਦਲ ਰਿਹਾ ਹੈ। ਜਿਸ ਕਰ ਕੇ ਲੋਕ ਹੁਣ ਧੀਆਂ ਨੂੰ ਬੋਝ ਘੱਟ ਸਮਝਦੇ ਹਨ।

### 4.2.2 ਵਿਆਹ ਨਾਲ ਸੰਬੰਧਿਤ ਰਹੁ-ਰੀਤਾਂ

ਮੁੰਡੇ ਕੁੜੀ ਦੇ ਜਵਾਨ ਹੋਣ ਤੇ ਵਿਆਹ ਦੀਆਂ ਰਸਮਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਪਹਿਲਾ ਰੋਕਣ ਜਾਂ ਠਾਕਣ ਦੀ ਰਸਮ ਹੁੰਦੀ ਹੈ। ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਇਆ ਭੇਜ ਦਿੰਦੇ ਹਨ ਅਤੇ ਨਾਤਾ ਪੱਕਾ ਕਰ ਲੈਂਦੇ ਹਨ। ਇਸ ਤੋਂ ਪਿੱਛੋਂ ਕੁੜਮਾਈ ਜਾਂ ਸਗਾਈ ਦੀ ਰਸਮ ਹੁੰਦੀ ਹੈ।

"ਉੱਠ ਨੀ ਰਵੇਲ ਘੋੜੀ, ਬਾਬਲ ਵਿਹੜੇ ਜਾਂ,

ਨੀ ਘੋੜੀ ਬਾਬਲ ਵਿਹੜੇ ਜਾ।

ਤੇਰੇ ਬਾਬਲ ਮਨ ਸ਼ਾਦੀਆਂ,

ਤੇਰੀ ਅੰਮੜੀ ਦੇ ਮਨ ਚਾਅ।"[20]

ਇਸ ਵਿਚ ਪੁੱਤਰ ਦੇ ਵਿਆਹ ਲਈ ਬਾਬਲ, ਅੰਮੜੀ ਦੇ ਚਾਅ, ਖ਼ੁਸ਼ੀ ਆਦਿ ਨੂੰ ਪ੍ਰਗਟਾਇਆ ਗਿਆ ਹੈ।

ਕੁੜੀ ਦੀ ਕੁੜਮਾਈ ਵਿਚ ਮੁੰਡੇ ਵਾਲੇ ਨਾਈ ਦੇ ਕੋਲ ਮੰਗੇਤਰ ਕੁੜੀ ਲਈ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮੌਲੀ, ਮਹਿੰਦੀ, ਖੰਡ ਤੇ ਛੁਹਾਰਾ ਅਤੇ ਨਕਦੀ ਘੱਲਦੇ ਹਨ। ਇਸ ਤਰਾ ਕੁੜੀ ਦੀ ਵੀ ਕੁੜਮਾਈ ਹੋ ਜਾਂਦੀ ਹੋ ਜਾਂਦੀ ਹੈ। ਮੰਗਣੀ ਤੋਂ ਪਿੱਛੋਂ ਕਿਸੇ ਸ਼ੁੱਭ ਮਹੀਨੇ ਦੀ ਤਿੱਥ ਤੇ ਘੜੀ ਵਿਆਹ ਲਈ ਨਿਯਤ ਕੀਤੀ ਜਾਂਦੀ ਹੈ। ਇਸ ਨੂੰ ਸਾਹਾ ਕਢਵਾਉਣਾ ਕਹਿੰਦੇ ਹਨ। ਸਾਹੇ ਚਿੱਠੀ ਪਿੱਛੋਂ ਦੋਹਾਂ ਘਰਾਂ ਵਿਚ ਵਿਆਹ ਦੀਆਂ ਤਿਆਰੀਆਂ ਆਰੰਭ ਹੋ ਜਾਂਦੀਆਂ ਹਨ। ਫਿਰ ਸੱਤ ਜਾਂ ਨੇ ਦਿਨ ਪਹਿਲਾਂ ਕੜਾਹੀ ਚੜ੍ਹਾਈ ਜਾਂਦੀ ਹੈ। ਵਿਆਂਹਦੜ ਦੀ ਮਾਂ ਇਸ ਕੜਾਹੀ ਵਿਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਨਾਲ ਲੈ ਜਾਂਦੀ ਹੈ। ਅਤੇ ਉਨ੍ਹਾਂ ਨੂੰ ਵਿਆਹ ਦਾ ਦਿਨ ਦੱਸ ਆਉਂਦੀ ਹੈ। ਉਹ ਨਾਨਕੀ ਛੱਕ ਦੀ ਤਿਆਰੀ ਆਰੰਭ ਕਰ ਦਿੰਦੇ ਹਨ। ਵਿਆਹ ਤੋਂ ਪਹਿਲਾਂ ਮਾਈਏ ਜਾਂ ਵਟਣੇ ਦੀ ਰਸਮ ਹਿੰਦੀ ਹੈ। ਵਿਆਹ ਤੋਂ ਇੱਕ ਦਿਨ ਪਹਿਲਾਂ ਨਾਨਕਾ ਮੇਲ ਆਉਂਦਾ ਹੈ। ਜਿਹੜੇ ਕਿ ਆਪਣੀ ਦੋਹਤੀ ਜਾਂ ਦੋਹਤੇ ਲਈ ਦੋਹਤੀ ਲਈ ਗਹਿਣੇ, ਬਿਸਤਰੇ, ਪਲੰਘ, ਬਰਤਨ ਅਤੇ ਕੱਪੜੇ ਲੀੜੇ ਲੈ ਕੇ ਆਉਂਦੇ ਹਨ। ਇਸ ਪਿੱਛੋਂ ਘੋੜੀ ਚੜ੍ਹਨ ਦੀ ਰੀਤ ਹੁੰਦੀ ਹੈ। ਘੋੜੀ ਚੜ੍ਹਨ ਤੋਂ ਪਹਿਲਾਂ ਉਸ ਦੀ ਭਰਜਾਈ ਸੁਰਮਾ ਪੁਆਈ ਲੈਂਦੀ ਹੈ। ਜਦ ਜੰਞ ਕੁੜੀ ਵਾਲਿਆਂ ਦੇ ਪਿੰਡ ਪਹੁੰਚ ਜਾਂਦੀ ਹੈ, ਤਾਂ ਉੱਗ ਪਿੰਡ ਦੀ ਪੰਚਾਇਤ ਸਵਾਗਤ ਵਿਚ ਖੜੀ ਹੁੰਦੀ ਹੈ। ਫਿਰ ਮਿਲਣੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਫੇਰਿਆ ਦੀ ਰਸਮ ਬਹੁਤ ਹੀ ਮਹੱਤਵਪੂਰਨ ਸਮਝੀ ਜਾਂਦੀ ਹੈ। ਅਨੰਦ ਕਾਰਜ ਜਾਂ ਫੇਰਿਆਂ ਨਾਲ ਅਸਲੀ ਕਾਰਜ ਸੰਪੂਰਨ ਜਾਂ ਸਮਾਪਤ ਹੋ ਜਾਂਦਾ ਹੈ। ਫਿਰ ਵਰੀ ਸਾਰੇ ਭਾਈਚਾਰੇ ਨੂੰ ਦਿਖਾਈ ਜਾਂਦੀ ਹੈ। ਫਿਰ ਜੰਞ ਦੀ ਵਿਦਾਇਗੀ ਕਰ ਦਿੱਤੀ ਜਾਂਦੀ ਹੈ। ਇਸ ਤੋਂ ਪਿੱਛੋਂ ਵਹੁਟੀ ਦੇ ਘਰ ਪਹੁੰਚਣ ਤੇ ਮੁੰਡੇ ਦੀ ਮਾਂ ਦੀਵਾ ਲੈ ਕੇ ਨੂੰਹ ਅਤੇ ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜ਼ੇ ਉੱਤੇ ਉਹ ਪਾਣੀ ਨਾਲ ਵਾਰਨੇ ਕਰਦੀ ਹੈ। ਫਿਰ ਭਾਈਚਾਰੇ ਦੀਆਂ ਔਰਤਾਂ ਨਵੀਂ ਵਹੁਟੀ ਨੂੰ ਸ਼ਗਨ ਪਾਉਂਦੀਆਂ ਹਨ।

"ਮੱਥੇ ਤੇ ਚਮਕਣ ਵਾਲ ਮੇਰੇ ਬੰਨੇ ਦੇ

---

[20] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-83

ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਆ ਵੇ ਬੰਨਾ ਬੰਨ ਸ਼ਗਨਾਂ ਦਾ ਗਾਨਾ

ਆ ਵੇ ਬੰਨਾ ਬੰਨ ਸ਼ਗਨਾਂ ਦਾ ਗਾਨਾ

ਗਾਨੇ ਦੇ ਫੁੰਮਣ ਚਾਰ, ਮੇਰੇ ਬੰਨੜੇ ਦੇ,

ਮੱਥੇ ਤੇ ਚਮਕਣ ਵਾਲ ਮੇਰੇ ਬੰਨੜੇ ਦੇ।"[21]

### 4.2.3. ਮੌਤ ਨਾਲ ਸੰਬੰਧਿਤ ਰਹੁ ਰੀਤਾਂ

ਵਿਅਕਤੀ ਦੇ ਪ੍ਰਾਣ ਤਿਆਗਣ ਤੋਂ ਪਿੱਛੋਂ ਤੀਵੀਆਂ ਘਰ ਵਿਚ ਵੈਣ ਪਾਉਣ ਲੱਗ ਪੈਂਦੀਆਂ ਹਨ। ਅਤੇ ਮਰਦ ਬਾਹਰ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ। ਅਤੇ ਉਸ ਦੇ ਚੰਗੇ ਗੁਣਾਂ ਨੂੰ ਯਾਦ ਕਰਦੇ ਹਨ। ਫਿਰ ਮ੍ਰਿਤਕ ਨੂੰ ਆਖ਼ਰੀ ਇਸ਼ਨਾਨ ਕਰਵਾਇਆ ਜਾਂਦਾ ਹੈ। ਅਰਥੀ ਵਾਸਤੇ ਬਾਂਸ ਜਾਂ ਬੇਰੀ ਦੀ ਲੱਕੜੀ ਵਰਤੀ ਜਾਂਦੀ ਹੈ। ਫਿਰ ਘਰ ਤੋਂ ਸਿਵਿਆਂ ਨੂੰ ਜਾਂਦੇ ਸਮੇਂ ਮ੍ਰਿਤਕ ਦੇ ਰਿਸ਼ਤੇਦਾਰ ਉਸ ਦੀ ਅਰਥੀ ਨਾਲ ਚਲੇ ਜਾਂਦੇ ਹਨ। ਸ਼ਮਸ਼ਾਨ ਘਾਟ ਜਾ ਕੇ ਅਰਥੀ ਨੂੰ ਲਾਹ ਕੇ ਚਿਖਾ ਉੱਤੇ ਲਿਟਾ ਦਿੱਤਾ ਜਾਂਦਾ ਹੈ ਅਤੇ ਫਿਰ ਮ੍ਰਿਤਕ ਦਾ ਵੱਡਾ ਪੁੱਤਰ ਉਸ ਨੂੰ ਲਾਂਬੂ ਲਾ ਦਿੰਦਾ ਹੈ। ਤਿੰਨ ਦਿਨਾਂ ਬਾਅਦ ਫੁੱਲ ਚੁਗੇ ਜਾਂਦੇ ਹਨ। ਅਤੇ ਫਿਰ ਉਨ੍ਹਾਂ ਨੂੰ ਹਰਿਦੁਆਰ ਜਾਂ ਕੀਰਤਪੁਰ ਸਾਹਿਬ ਵਿਖੇ ਜਲ-ਪ੍ਰਵਾਹ ਕੀਤਾ ਜਾਂਦਾ ਹੈ। ਅੰਤ ਵਿਚ ਮ੍ਰਿਤਕ ਦਾ ਸੋਲ੍ਹਾ ਕੀਤਾ ਜਾਂਦਾ ਹੈ।

## 4.3 ਪੰਜਾਬੀ ਲੋਕ ਵਿਸ਼ਵਾਸ

ਲੋਕ ਵਿਸ਼ਵਾਸ ਕਰਨਾ ਮਨੁੱਖ ਦੀ ਸੁਭਾਵਿਕ ਰੁਚੀ ਹੈ। ਇਸ ਰੁਚੀ ਸਦਕਾ ਹੀ ਮਨੁੱਖ ਨੇ ਗਿਆਨ ਅਤੇ ਵਿਗਿਆਨ ਦੇ ਖੇਤਰ ਵਿਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਵਿਸ਼ਵਾਸ ਤੋਂ ਭਾਵ ਕਿਸੇ ਦ੍ਰਿਸ਼ ਜਾਂ ਅਦ੍ਰਿਸ਼ ਵਸਤੂ ਵਿਚ ਯਕੀਨ ਜਾਂ ਭਰੋਸੇ ਤੋਂ ਹੈ। ਇਹ ਸਵੀਕ੍ਰਿਤੀ ਕੁੱਝ ਬੋਧਿਕ ਵੀ ਹੋਵੇਗੀ, ਪਰ ਇਸ ਵਿਚ ਭਾਵੁਕ ਰੰਗ ਕਾਫ਼ੀ ਹੁੰਦਾ ਹੈ। ਇਸ ਦੀ ਪ੍ਰਮਾਣਿਕਤਾ ਸਮਾਜਿਕ ਸੰਸਕ੍ਰਿਤਕ ਹਾਲਾਤ ਅਤੇ ਇੱਕ ਖ਼ਾਸ ਮਨੋਸਥਿਤੀ ਕਰ ਕੇ ਹੁੰਦੀ ਹੈ। ਮਨੁੱਖ ਪ੍ਰਕਿਰਤੀ ਵਿਚ ਵਾਪਰਦੀਆਂ ਘਟਨਾਵਾਂ ਤੋਂ ਆਪਣੀ ਪ੍ਰਤੱਖ ਸ਼ਕਤੀ ਦੁਆਰਾ ਜੋ ਪ੍ਰਭਾਵ ਗ੍ਰਹਿਣ ਕਰਦਾ ਸੀ

---

[21] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-84

ਉਹ ਹੀ ਲੋਕ ਵਿਸ਼ਵਾਸ ਦਾ ਆਧਾਰ ਬਣਦਾ ਹੈ। ਉਤਪਤੀ ਪ੍ਰਕਿਰਤੀ ਜਾਂ ਮਨੁੱਖੀ ਜੀਵਨ ਵਿਚ ਵਾਪਰੀ ਕਿਸੇ ਘਟਨਾ ਦਾ ਸੰਬੰਧ ਜੱਦੋ ਕਿਸੇ ਦੂਜੀ ਘਟਨਾ ਨਾਲ ਜੁੜ ਗਿਆ ਤਾਂ ਮਨੁੱਖ ਸਮਾਨ ਪ੍ਰਸਥਿਤੀਆਂ ਵਿਚ ਅਜਿਹੀਆਂ ਹੀ ਘਟਨਾਵਾਂ ਦੇ ਵਾਪਰਨ ਬਾਰੇ ਵਿਸ਼ਵਾਸ ਕਰਨ ਲੱਗ ਪਿਆ। ਜਦੋਂ ਕਿਸੇ ਘਟਨਾ ਦਾ ਵਿਗਿਆਨਿਕ ਹੱਲ ਨਾ ਮਿਲੇ ਤਾਂ ਲੋਕ ਉਸ ਪ੍ਰਤੀ ਕੁਝ ਵਿਸ਼ਵਾਸ ਸਿਰਜ ਲੈਂਦੇ ਹਨ ਤੇ ਜਦੋਂ ਇਨ੍ਹਾਂ ਸਿਰਜੇ ਗਏ ਵਿਸ਼ਵਾਸਾਂ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ ਇਹ ਵਿਸ਼ਵਾਸ ਲੋਕ-ਵਿਸ਼ਵਾਸ ਵਿਚ ਤਬਦੀਲ ਹੋ ਜਾਂਦੇ ਹਨ। ਲੋਕ ਵਿਸ਼ਵਾਸ ਅਤੇ ਵਹਿਮ ਭਰਮ ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਸਾਡੇ ਲੋਕ ਜੀਵਨ ਦਾ ਜੀਵਤ ਅੰਗ ਹਨ। ਲੋਕ ਵਿਸ਼ਵਾਸ ਵਿਚ ਭਿੰਨਤਾ ਵੀ ਹੁੰਦੀ ਹੈ। ਜਿਵੇਂ :- ਭਾਰਤ ਵਿਚ ਸੱਪ ਨੂੰ ਨਾਗ ਦੇਵਤਾ ਸਮਝ ਕੇ ਪੂਜਿਆ ਜਾਂਦਾ ਹੈ। ਪਰ ਈਸਾਈ ਧਰਮ ਨੂੰ ਸ਼ੈਤਾਨ ਦਾ ਰੂਪ ਸਮਝਿਆ ਜਾਂਦਾ ਹੈ।

ਲੋਕ ਵਿਸ਼ਵਾਸ ਦੀ ਵਰਗ ਵੰਡ ਹੇਠਾਂ ਅਨੁਸਾਰ ਕੀਤੀ ਜਾ ਸਕਦੀ ਹੈ:-

1. ਜਨਮ, ਵਿਆਹ ਅਤੇ ਮੌਤ
2. ਯਾਤਰਾ ਸੰਬੰਧੀ
3. ਪਸ਼ੂ ਪੰਛੀ ਅਤੇ ਜੀਵਾਂ ਸੰਬੰਧੀ
4. ਦਿਸ਼ਾ ਅਤੇ ਨਛੱਤਰਾਂ ਸੰਬੰਧੀ
5. ਚੰਦ, ਸੂਰਜ, ਅਤੇ ਤਾਰਿਆਂ ਸੰਬੰਧੀ
6. ਕਿਸਾਨੀ ਜੀਵਨ ਅਤੇ ਖੇਤੀਬਾੜੀ ਸੰਬੰਧੀ
7. ਨਿੱਛ ਸੰਬੰਧੀ
8. ਦਿਨ ਰਾਤ ਅਤੇ ਰੁੱਤਾਂ ਸੰਬੰਧੀ
9. ਨਜ਼ਰ ਲੱਗਣ ਸੰਬੰਧੀ ਆਦਿ।

ਮਨੁੱਖੀ ਜੀਵਨ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਜਾਦੂ ਚਿੰਤਨ ਦੀ ਉਪਜ ਹਨ। ਕਾਂ ਦਾ ਬਨੇਰੇ ਉੱਤੇ ਬੋਲਣਾ, ਆਟਾ ਭੁੜਕਣ ਨੂੰ ਕਿਸੇ ਪ੍ਰਾਹੁਣੇ ਦਾ ਆਉਣ ਦਾ ਸੂਚਕ ਆਦਿ ਜਾਦੂ ਲੋਕ ਵਿਸ਼ਵਾਸ ਦੇ ਘੇਰੇ ਵਿਚ ਆਉਂਦੇ ਹਨ।

"ਬਾਬਲ ਜੀ ਦੀ ਫੁੱਲ ਕਿਆਰੀ,
ਮੈਂ ਵੀ ਧਨੀਆਂ ਬੀਜਣ ਚਲੀ ਆਂ।
ਹੌਲੀ- ਹੌਲੀ ਲੰਘ ਕ੍ਰਿਸ਼ਨਾ,
ਮੈਂ ਤਾਂ ਕੰਨਿਆ ਕੁਆਰੀ।
ਕੰਨਿਆ ਕੁਆਰੀ ਰਾਧਕੇ,

ਮੈਂ ਵੀ ਕ੍ਰਿਸ਼ਨ ਮੁਰਾਰੀ " [22]

ਜਾਂ

"ਸੋਨੇ ਦਾ ਮੁਕਟ ਸਜਾਇਕੇ,

ਸੀਤਾ ਵਿਆਹੁਣ ਆਇਆ।

ਧੰਨ ਨੀ ਮਾਏ ਜਣੇਂਦੀਏ,

ਜਿਨ ਕੰਨਿਆ ਜਾਈ,

ਸੁੱਬਰ ਚੋ੍ਬ ਪਹਿਨ ਕੇ,

ਸੀਤਾ ਲਗਨਾਂ ਨੂੰ ਆਈ।

ਛੇਤੀ ਕਰ ਵਿਦਿਆ ਬਾਬਲਾ,

ਐਡੀ ਦੇਰ ਕਿਉਂ ਲਾਈ" [23]

ਜਾਂ

"ਕੋਠਾ ਕਿਉਂ ਨਿਵਿਆਂ,

ਧਰਮੀ ਕਿਉਂ ਨਿਵਿਆਂ,

ਏਸ ਕੋਠੇ ਦੀ ਛੱਤ ਪੁਰਾਣੀ,

ਕੋਠਾ ਧਰਮੀ ਤਾਂ ਨਿਵਿਆਂ।

ਬਾਬਲ ਕਿਉਂ ਨਿਵਿਆਂ,

ਧਰਮੀ ਕਿਉਂ ਨਿਵਿਆਂ,

ਏਸ ਬਾਬਲ ਦੀ ਕੰਨਿਆ ਕਾਆਰੀ,

ਬਾਬਲ ਧਰਮੀ ਤਾਂ ਨਿਵਿਆਂ।"[24]

ਜਾਂ

"ਮੇਰੇ ਬਾਬੇ ਦੇ ਪਿਛਵਾੜ ਹਰੇ ਹਰੇ ਬਾਂਸ ਰੇ।

ਇਕ ਸ਼ਿਵਜੀ ਦਾ ਲੜਕਾ ਨਾਦਾਨ

ਆਗਨ ਬੈਠਾ ਤਪ ਕਰੇ।

[22] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-31

[23] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-36

[24] ਉਹੀ, ਪੰਨਾ-38

ਮਹਿਲਾਂ ਤੋਂ ਉੱਤਰੀ ਦਾਦੀ

ਮੋਤੀਆਂ ਦੇ ਥਾਲ ਭਰੇ

ਲਉ ਲੜਕੇ ਆਪਣੀ ਦੱਛਣਾ।

ਆਂਗਨ ਮੇਰਾ ਛੋੜੀਏ।

ਨਾ ਮੈਂ ਲੈਣੇ ਮੋਤੀਆ ਦੇ ਥਾਲ

ਨਾ ਲੈਣੀ ਦੱਛਣਾ

ਤੇਰੇ ਘਰ ਪੋਤੀ ਕੁਆਰੀ

ਉਹਦਾ ਡੋਲਾ ਲੋੜੀਏ। ”[25]

ਸ਼ਗਨਾਂ ਵੇਲਾ ਲੋਕ-ਗੀਤ ਸੰਗ੍ਰਹਿ ਵਿਚ ਦਰਜ਼ ਲੋਕ-ਗੀਤਾਂ ਵਿਚ ਪੰਜਾਬੀ ਸਮਾਜ ਦੀਆਂ ਰਸਮਾਂ, ਰਿਵਾਜ਼ਾਂ, ਰਹੁ-ਰੀਤਾਂ, ਸਾਕਾਚਾਰੀ, ਲੋਕ-ਧੰਦੇ ਅਤੇ ਲੋਕ-ਵਿਸ਼ਵਾਸ ਆਦਿ ਦੀ ਪੇਸ਼ਕਾਰੀ ਮਿਲਦੀ ਹੈ ਜਿਸ ਤੋਂ ਇਸ ਸਿੱਧ ਹੁੰਦਾ ਹੈ ਕਿ ਲੋਕ ਗੀਤਾਂ ਨੂੰ ਸਿਰਜਨ ਵਿਚ ਕੱਚੀ ਸਮੱਗਰੀ ਸਮਾਜ ਪ੍ਰਦਾਨ ਕਰਦਾ ਹੈ। ਪੰਜਾਬੀ ਸਮਾਜ ਵਿਚ ਵਧੇਰੇ ਪ੍ਰਧਾਨਤਾ ਮਰਦ ਦੀ ਹੀ ਹੈ। ਇਸ ਪ੍ਰਧਾਨਤਾ ਪਿੱਛੇ ਵੀ ਬਹੁਤ ਵੱਡਾ ਕਾਰਨ ਇਹ ਹੈ ਕਿ ਇੱਥੋਂ ਦੀ ਭੁਗੋਲਿਕ ਵਿਵਸਥਾ ਪੰਜਾਬੀਆਂ ਨੂੰ ਖੇਤੀ ਕਰਨ ਦੀ ਖੁੱਲ੍ਹ ਦਿੰਦੀ ਹੈ ਤੇ ਖੇਤੀ ਕਰਨ ਲਈ ਵਧੇਰੇ ਬੱਲ ਦੀ ਲੋੜ ਪੈਂਦੀ ਹੈ। ਜੈਵਿਕ ਪੱਖੋਂ ਮਰਦ, ਔਰਤ ਦੇ ਮੁਕਾਬਲੇ ਸਰੀਰਕ ਪੱਖੋਂ ਜਿਆਦਾ ਬਲ ਸ਼ਾਲੀ ਹੈ। ਜਿਸ ਕਾਰਨ ਮਰਦ ਖੇਤਾਂ ਵਿਚ ਕੰਮ ਕਰਦੇ ਤੇ ਔਰਤ ਘਰ ਦਾ ਕੰਮ ਕਰਦੀ। ਸਰੀਰਕ ਪੱਖੋਂ ਵਧੇਰੇ ਬਲਸ਼ਾਲੀ ਹੋਣ ਕਾਰਨ ਮਰਦ, ਔਰਤ ’ਤੇ ਬਦਸ਼ਾਂ ਲਗਾਉਂਦਾ ਤੇ ਆਪਣੀ ਪ੍ਰਧਾਨਤਾ ਕਾਇਮ ਰੱਖਦਾ। ਸ਼ਗਨਾਂ ਵੇਲਾ ਲੋਕ-ਗੀਤ ਸੰਗ੍ਰਹਿ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਔਰਤਾਂ ਤੇ ਮਰਦ ਪ੍ਰਧਾਨ ਸਮਾਜ ਦੀ ਵਰਜਨਾਵਾਂ ਕਾਰਨ ਆਪਣੇ ਭਾਵਾਂ ਨੂੰ ਬਿਆਨ ਨਹੀਂ ਕਰ ਸਕਦੀ ਸੀ ਜਿਸ ਕਾਰਨ ਉਹ ਆਪਣੇ ਭਾਵਾਂ ਨੂੰ ਵਿਅਕਤ ਕਰਨ ਲਈ ਲੋਕ ਗੀਤਾਂ ਦਾ ਸਹਾਰਾ ਲੈਂਦੀ। ਬੇਸ਼ੱਕ ਅਜੋਕੇ ਪੂੰਜੀਵਾਦੀ ਦੌਰ ਵਿਚ ਔਰਤ ਮਰਦ ਵਿਚ ਕੋਈ ਭੇਦ ਨਹੀਂ ਹੈ ਪਰ ਫਿਰ ਵੀ ਪੁਰਾਣੇ ਸਮਾਜ ਦੀ ਔਰਤ ਦੇ ਭਾਵਾਂ ਦੀ ਪੇਸ਼ਕਾਰੀ ਅੱਜ ਵੀ ਲੋਕ ਗੀਤਾਂ ਵਿਚ ਝਲਕਦੀ ਹੈ।

[25] ਉਹੀ, ਪੰਨਾ-61

## ਅਧਿਆਇ ਚੌਥਾ

## ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਪੇਸ਼ ਲੋਕ ਧੰਦੇ ਅਤੇ ਸਾਕਾਚਾਰੀ ਦਾ ਅਧਿਐਨ

### 4.1 ਲੋਕ-ਧੰਦੇ

ਲੋਕ-ਧੰਦਾ ਪੰਜਾਬੀ ਸਭਿਆਚਾਰ ਦਾ ਪ੍ਰਮੁੱਖ ਅੰਗ ਹੈ। ਲੋਕ ਧੰਦੇ ਦਾ ਸੰਬੰਧ ਭੂਗੋਲਿਕ ਸਥਿਤੀ ਨਾਲ ਹੁੰਦਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਮੈਦਾਨੀ ਹੈ ਜਿਸ ਕਾਰਨ ਇੱਥੇ ਦਾ ਲੋਕ-ਧੰਦਾ ਖੇਤੀਬਾੜੀ ਨਾਲ ਸੰਬੰਧਿਤ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਤੇ ਜਲਵਾਯੂ ਪੰਜਾਬੀਆਂ ਨੂੰ ਖੇਤੀ ਕਰਨ ਦੀ ਇਜਾਜ਼ਤ ਦਿੰਦੀ ਹੈ। ਪੰਜਾਬ ਵਿਚ ਖੇਤੀ ਦੀ ਪ੍ਰਧਾਨਤਾ ਹੋਣ ਕਾਰਨ ਲੋਕ ਧੰਦੇ ਵੀ ਖੇਤੀ ਨਾਲ ਸੰਬੰਧਿਤ ਹਨ। ਖੇਤੀਬਾੜੀ ਦੇ ਕੰਮ ਵਿਚ ਲੋਹੇ ਤੇ ਲੱਕੜ ਦੇ ਬਣੇ ਔਜ਼ਾਰਾਂ ਦੀ ਵਰਤੋਂ ਹੁੰਦੀ ਹੈ। ਫ਼ਸਲ ਪੱਕਣ ਤੋਂ ਬਾਅਦ ਵੀ ਲੋਕ ਧੰਦੇ ਜਾਰੀ ਰਹਿੰਦੇ ਹਨ ਜਿਵੇਂ ਕਪਾਹ ਦੀ ਫ਼ਸਲ ਤੋਂ ਚਰਖੇ ਦੁਆਰਾ ਰੂੰ ਨੂੰ ਕੱਤਣਾ ਵੀ ਇੱਕ ਲੋਕ ਧੰਦਾ ਹੈ। ਇਸ ਤੋਂ ਇਲਾਵਾ ਕਸੀਦਾ ਕੱਢਣਾ, ਲੁਹਾਰ, ਤਰਖਾਣ ਆਦਿ ਲੋਕ ਧੰਦੇ ਹਨ।

"ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਚਰਖਾ ਕੌਣ ਕੱਤੂ?
ਮੇਰੀਆਂ ਕੱਤਣ ਪੋਤਰੀਆਂ,
ਧੀਏ ਘਰ ਜਾ ਆਪਣੇ।"[26]

ਲੋਕ ਧੰਦੇ ਮਨੁੱਖ ਦੇ ਜੀਵਨ ਨਿਰਬਾਹ ਦਾ ਅਟੁੱਟ ਅੰਗ ਹਨ। ਕੰਮ ਤੋਂ ਬਿਨਾਂ ਮਨੁੱਖੀ ਜੀਵਨ ਨਿਸ਼ਫਲ ਅਤੇ ਅਪ੍ਰਵਾਨਿਤ ਹੈ। ਲੋਕ ਕਿੱਤੇ ਜਾਂ ਲੋਕ ਧੰਦੇ ਸਮਾਨਾਰਥੀ ਸ਼ਬਦ ਹਨ। ਲੋਕ ਕਿੱਤਿਆਂ ਤੋਂ ਭਾਵ ਹੈ ਉਹ ਕਿਰਤ ਜਿਹੜੀ ਲੋਕ ਆਪਣੇ ਹੱਥਾਂ ਨਾਲ ਕਰਦੇ ਹਨ। 'ਧੰਦੇ' ਦਾ ਅਰਥ ਵੀ ਕੋਈ ਕੰਮ ਕਾਜ ਹੀ ਹੈ। ਜਿਸ ਰਾਹੀ ਮਨੁੱਖ ਆਪਣੇ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਦਾ ਪ੍ਰਬੰਧ ਕਰਨ ਲਈ ਧਨ ਪ੍ਰਾਪਤ ਕਰਦਾ ਹੈ। ਪ੍ਰੰਤੂ ਧਨ ਦੀ ਪ੍ਰਾਪਤੀ ਤਾਂ ਹਰ ਉਸ ਕੰਮ ਵਿਚੋਂ ਹੁੰਦੀ ਹੈ, ਜਿਹੜਾ ਕਿਸੇ ਸ਼ਰਤ ਅਧੀਨ ਜਾਂ ਕਿਸੇ ਇਵਜ਼ ਵਿਚ ਕੀਤਾ ਜਾਵੇ। ਇਸ ਕਰ ਕੇ ਇਸ ਸ਼ਬਦ

[26]ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-22

ਨਾਲ 'ਲੋਕ' ਸ਼ਬਦ ਲਾ ਕੇ ਇਸ ਦੇ ਖੇਤਰ ਨੂੰ ਨਿਸ਼ਚਿਤ ਕਰ ਲਿਆ ਗਿਆ ਹੈ। ਸ਼ਿਲਪ ਅਤੇ ਕਲਾ ਨੂੰ ਮਿਲਾ ਕੇ ਜੱਦੋ ਕੋਈ ਉਪਜੀਵਕਾ ਦਾ ਸਾਧਨ ਅਪਣਾਇਆ ਜਾਂਦਾ ਹੈ, ਤਾਂ ਇਹ ਇੱਕ ਲੋਕ ਕਿੱਤਾ ਬਣ ਜਾਂਦਾ ਹੈ। ਸੋ ਲੋਕ ਕਿੱਤੇ ਨੂੰ ਇੰਞ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। 'ਲੋਕ-ਕਿੱਤੇ' ਤੋਂ ਭਾਵ ਲੋਕਾਂ ਦੁਆਰਾ ਅਪਣਾਏ ਗਏ ਸ਼ਿਲਪ ਅਤੇ ਕਲਾ ਦੇ ਸੁਮੇਲ ਤੋਂ ਬਣੇ ਉਸ ਕਿਰਤ ਸਾਧਨ ਤੋਂ ਹੈ ਜਿਸ ਨਾਲ ਉਹ ਆਪਣੀ ਉਪਜੀਵਕਾ ਕਮਾਉਂਦੇ ਹਨ। ਤੇ ਇਹ ਵਿਅਕਤੀਗਤ ਹੁੰਦਾ ਹੋਇਆ ਵੀ ਸਮੂਹਿਕ ਸਿਰਜਨਾ ਦਾ ਦਰਜਾ ਲੈਂਦਾ ਹੈ।

ਕਿੱਤੇ ਜਾਂ ਧੰਦੇ ਵਿਚ ਖ਼ਾਸ ਇੱਕ ਖ਼ਾਸ ਉਸਤਾਦੀ ਵੀ ਹੁੰਦੀ ਹੈ। ਜਿਹੜੀ ਹੱਥ ਦੀ ਕਲਾ ਨਾਲ ਵੀ ਸਿਰਜੀ ਜਾਂਦੀ ਹੈ। ਇੰਞ ਇਹ ਦਸਤਕਾਰੀ ਵੀ ਬਣ ਜਾਂਦੀ ਹੈ। ਜਿਸ ਨਾਲ ਕੋਈ ਆਦਮੀ ਆਪਣੀ ਰੋਜ਼ੀ ਵੀ ਕਮਾਉਂਦਾ ਹੈ। ਇਸ ਪ੍ਰਕਾਰ ਪੰਜਾਬੀ ਸਭਿਆਚਾਰ ਵਿਚ ਉਹ ਸਾਰੇ ਲੋਕ, ਜਿਹੜੇ ਆਪਣੀ ਰੋਜ਼ੀ ਰੋਟੀ ਲਈ ਭਿੰਨ-2 ਧੰਦਿਆਂ ਵਿਚ ਲੱਗੇ ਹੋਏ ਹਨ, ਲੋਕ ਕਿੱਤਾਕਾਰ ਅਖਵਾਉਂਦੇ ਹਨ।

ਇਹਨਾਂ ਲੋਕ ਕਿੱਤਿਆਂ ਨੂੰ ਕਰਨ ਵਾਲੇ ਲੋਕਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਹਨਾਂ ਵਿਚ ਕੁੱਝ ਲੋਕ ਤਾਂ ਅਜਿਹੇ ਕਿੱਤੇ ਕਰਦੇ ਹਨ। ਜਿਨ੍ਹਾਂ ਵਿਚ ਕਿਸੇ ਨਾ ਕਿਸੇ ਸਮੱਗਰੀ ਦੀ ਵਰਤੋਂ ਹੁੰਦੀ ਹੈ। ਦੂਜੇ ਉਹ ਲੋਕ ਨੇ ਜੋ ਸਰੀਰਕ ਕਿਰਿਆਵਾਂ ਨਾਲ ਜਾਂ ਛੋਟੇ-ਮੋਟੇ ਔਜ਼ਾਰਾਂ ਨਾਲ ਆਪਣਾ ਨਿਰਬਾਹ ਕਰਦੇ ਹਨ, ਜਿਵੇਂ ਬਾਜ਼ੀਗਰ ਬਾਜ਼ੀਆਂ ਪਾਉਂਦੇ ਹਨ, ਮਰਾਸੀ ਨਕਲਾਂ ਜਾਂ ਉਸਤਤ ਕਰ ਕੇ ਧਨ ਕਮਾਉਂਦੇ ਹਨ। ਪੀੜ੍ਹੀ ਦਰ ਪੀੜ੍ਹੀ ਚੱਲਣ ਕਾਰਨ ਲੋਕ ਕਿੱਤੇ ਦਾ ਪ੍ਰਮੁੱਖ ਲੱਛਣ ਪਰੰਪਰਾਈ ਹੋਣਾ ਮੰਨਿਆ ਜਾਂਦਾ ਹੈ। ਕਿੱਤਾ ਪਿਤਾ ਪੁਰਖੀ ਕੰਮ ਹੁੰਦਾ ਹੈ। ਜਿਸ ਨੂੰ ਬਗੈਰ ਸਿਖਲਾਈ ਜਾਂ ਵਿੱਦਿਆ ਦੇ ਪਹਿਲੀ ਪੀੜ੍ਹੀ ਤੋਂ ਸਿੱਖ ਲੈਂਦੀ ਹੈ ਅਤੇ ਆਉਣ ਵਾਲੀ ਪੀੜ੍ਹੀ ਅਗਲੀ ਪੀੜ੍ਹੀ ਦੇ ਹੱਥਾਂ ਵਿਚ ਦੇ ਜਾਂਦੀ ਹੈ।

ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਖੇਤੀਬਾੜੀ ਦਾ ਕਿੱਤਾ ਬੜੀ ਮਿਹਨਤ ਅਤੇ ਮਸ਼ੱਕਤ ਭਰਪੂਰ ਹੁੰਦਾ ਹੈ। ਪੰਜਾਬ ਦੇ ਲੋਕਾਂ ਦੀਆਂ ਲੋੜਾਂ ਜ਼ਿਆਦਾਤਰ ਖੇਤੀਬਾੜੀ ਤੋਂ ਹੀ ਪੂਰੀਆਂ ਹੁੰਦੀਆਂ ਹਨ।

"ਕਣਕ ਤੇ ਛੋਲਿਆਂ ਦਾ ਖੇਤ

ਹੌਲੀ-ਹੌਲੀ ਨਿੱਸਰ ਗਿਆ

ਬਾਬਲ ਧਰਮੀ ਦਾ ਦੇਸ਼,

ਹੌਲੀ- ਹੌਲੀ ਵਿੱਸਰ ਗਿਆ।[27]

[27] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-23

ਲੋਕ ਗੀਤਾਂ ਵਿਚ ਕਿਸਾਨੀ ਜੀਵਨ ਤੇ ਖੇਤੀਬਾੜੀ ਦੇ ਧੰਦਿਆਂ ਦੀ ਭਰਪੂਰ ਚਰਚਾ ਮਿਲਦੀ ਹੈ। ਲੋਕ ਗੀਤਾਂ ਵਿਚ ਧੀ ਆਪਣੇ ਬਾਬੇ ਨੂੰ ਸੰਬੋਧਿਤ ਕਰਦੀ ਹੋਈ ਆਪਣੇ ਮਨ ਦੇ ਵਲਵਲਿਆਂ ਦਾ ਪ੍ਰਗਟਾਵਾ ਲੋਕ ਗੀਤਾਂ ਦੇ ਜ਼ਰੀਏ ਬਾਹਰ ਕੱਢਦੀ ਹੈ। ਜਿਸ ਵਿਚ ਪੰਜਾਬ ਦੇ ਲੋਕ ਧੰਦੇ ਦੀ ਪੇਸ਼ਕਾਰੀ ਮਿਲਦੀ ਹੈ। ਜਿਵੇਂ

"ਬਾਬਲ ਜੀ ਦੀ ਫੁੱਲ ਕਿਆਰੀ,

ਮੈਂ ਵੀਂ ਧਨੀਆਂ ਬੀਜਣ ਚੱਲੀ ਆਂ।"[28]

ਲੋਕ ਗੀਤਾਂ ਵਿਚ ਬਾਬਲੇ ਦੀ ਪ੍ਰਸ਼ੰਸਾ ਦਾ ਜ਼ਿਕਰ ਸਾਫ਼ ਦੇਖਿਆ ਜਾ ਸਕਦਾ ਹੈ। ਲੋਕ ਗੀਤਾਂ ਵਿਚ ਧੀ ਆਪਣੇ ਖੇਤੀਬਾੜੀ ਕਰਦੇ ਹੋਏ ਬਾਬਲ ਦੀ ਪ੍ਰਸ਼ੰਸਾ ਕਰਦੀ ਹੈ ਤੇ ਆਪ ਵੀ ਕੰਮ ਕਾਰ ਕਰ ਕੇ ਬਾਬਲ ਵਾਂਗ ਮਿਹਨਤੀ ਬਣਨਾ ਚਾਹੁੰਦੀ ਹਾਂ। ਜਿਵੇਂ

"ਵੱਢ ਕਣਕਾਂ ਢੇਰ ਲਾਇਆ,

ਸਾਹਿਬ ਪੱਲੜਾਂ ਫੇਰਿਆ।

ਗੜਗੱਜ ਕਰਦੀ ਜੰਞ ਆਈ

ਵੇਖ ਬਾਬਲ ਮੇਰਿਆ।

ਹੈ ਨੀ ਧੀਆਂ ਦਾ ਬਾਬਲ ਕਦੀ ਨਾ ਨੀਵਿਆਂ,

ਕਦੀ ਨਾ ਨੀਵਿਆਂ।

ਧੀਆਂ ਨੇ ਆਣ ਨਿਭਾ ਲਿਆ

ਗਲ ਪਾ ਕੇ ਅਰਜ਼ " [29]

ਪੰਜਾਬ ਦੇ ਵਸਨੀਕ ਆਪਣੀ ਲੋੜ ਲਈ ਵਿਹਲੇ ਸਮੇਂ ਅਜਿਹੇ ਕਾਰਜ ਵੀ ਕਰਦਾ ਹੈ ਜਿਸ ਵਿਚ ਕਮਾਲ ਦੀ ਕਲਾਕਾਰੀ ਹੁੰਦੀ ਹੈ । ਜਿਵੇਂ:- ਸਣ ਅਤੇ ਸੂਤ ਦੀਆਂ ਰੱਸੀਆਂ ਵੱਟਣਾ, ਮੰਜੇ ਪੀੜ੍ਹੀਆਂ, ਬੁਣਨਾ ਅਤੇ ਟੋਕਰੇ ਟੋਕਰੀਆਂ

---

[28] ਉਹੀ, ਪੰਨਾ-31

[29] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-35

ਬਣਾਉਣਾ ਆਦਿ । ਇਸੇ ਤਰ੍ਹਾਂ ਘਰਾਂ ਦੀਆਂ ਸੁਆਣੀਆਂ ਵੱਲੋਂ ਆਪਣੇ ਵਿਹਲੇ ਸਮੇਂ ਵਿਚ ਦਰੀਆਂ, ਖੇਸ ਬਣਾਉਣਾ, ਚਾਦਰਾਂ ਸਿਰਹਾਣੇ ਕੱਢਣੇ ਆਦਿ ਕੱਢਣੇ ਵੀ ਇੱਕ ਲੋਕ ਕਿੱਤਾ ਹੀ ਹੈ।

## ਮਰਦਾਂ ਦੇ ਲੋਕ ਕਿੱਤੇ

ਪੁਰਾਣੇ ਸਮੇਂ ਵਿਚ ਮਰਦ ਘਰ ਤੋਂ ਬਾਹਰ ਕੰਮ ਕਰਨ ਲਈ ਜਾਂਦੇ ਸਨ ਜਾਂ ਖੇਤੀਬਾੜੀ ਕਰਦੇ ਸਨ ਅਤੇ ਔਰਤਾਂ ਸਰੀਰਕ ਪੱਖੋਂ ਮਰਦ ਨਾਲੋਂ ਕਮਜ਼ੋਰ ਹੋਣ ਕਾਰਨ ਉਨ੍ਹਾਂ ਨੂੰ ਘਰ ਵਿਚ ਕੰਮ ਕਰਨਾ ਪੈਂਦਾ ਸੀ। ਔਰਤਾਂ ਘਰ ਵਿਚ ਰਹਿ ਕੇ ਘਰ ਅਤੇ ਬੱਚਿਆਂ ਨੂੰ ਸੰਭਾਲਦੀਆਂ ਸਨ ਪਰ ਅਜੋਕੇ ਪੂੰਜੀਵਾਦੀ ਯੁੱਗ ਵਿਚ ਮਰਦ ਅਤੇ ਔਰਤ ਦੋਵੇਂ ਮਿਲ ਕੇ ਕੰਮ ਕਰਦੇ ਹਨ ਤਾਂ ਕਿ ਉਹ ਆਪਣੇ ਜੀਵਨ ਨੂੰ ਆਰਥਿਕ ਪੱਖੋਂ ਖ਼ੁਸ਼ਹਾਲ ਬਣਾ ਸਕਣ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਇੱਥੋਂ ਦਾ ਮੁੱਖ ਧੰਦਾ ਖੇਤੀ ਕਰਨਾ ਹੈ ਇਸ ਤੋਂ ਇਲਾਵਾ ਪੰਜਾਬ ਦੇ ਵਸਨੀਕ ਖੇਤੀਬਾੜੀ ਦੇ ਨਾਲ ਨਾਲ ਕੁੱਝ ਸਹਾਇਕ ਧੰਦੇ ਵੀ ਕਰਦੇ ਹਨ ਜਿਵੇਂ ਪਸ਼ੂ ਪਾਲਣਾ, ਮੁਰਗ਼ੀ ਪਾਲਣਾ, ਮੱਛੀ ਪਾਲਣਾ, ਭੇਡ, ਬੱਕਰੀਆਂ ਪਾਲਣਾ ਆਦਿ। ਖੇਤੀਬਾੜੀ ਦੇ ਕੰਮ ਵਿਚ ਵਰਤੇ ਜਾਣ ਵਾਲੇ ਸੰਦ ਔਜ਼ਾਰਾਂ ਦਾ ਉਤਪਾਦ ਕਰਨ ਵਾਲਿਆਂ ਦਾ ਵੀ ਆਪਣਾ ਲੋਕ ਕਿੱਤਾ ਹੈ। ਖੇਤੀ ਦੇ ਕੰਮ ਵਿਚ ਲੱਕੜੀ, ਲੋਹੇ ਆਦਿ ਦੇ ਬਣੇ ਔਜ਼ਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਵਿਚ ਹਰ ਵਿਅਕਤੀ ਨੂੰ ਆਪੋ-ਆਪਣੇ ਕਿੱਤੇ ਅਨੁਸਾਰ ਸੰਬੋਧਿਤ ਕੀਤਾ ਜਾਂਦਾ ਹੈ। ਜਿਵੇਂ ਸੋਨੇ ਨਾਲ ਸੰਬੰਧਿਤ ਕੰਮ ਕਰਨ ਵਾਲੇ ਨੂੰ ਸੁਨਿਆਰ, ਲੋਹੇ ਦਾ ਕੰਮ ਕਰਨ ਵਾਲੇ ਨੂੰ ਲੁਹਾਰ, ਮਿੱਟੀ ਦੇ ਬਰਤਨ ਬਣਾਉਣ ਵਾਲੇ ਨੂੰ ਘੁਮਿਆਰ ਅਤੇ ਲੱਕੜ ਦਾ ਕੰਮ ਕਰਨ ਵਾਲੇ ਨੂੰ ਤਰਖਾਣ ਆਦਿ। ਇਨ੍ਹਾਂ ਲੋਕ ਧੰਦਿਆਂ ਦੀ ਵਰਤੋਂ ਖੇਤੀਬਾੜੀ ਵਿਚ ਬਹੁ ਵੱਡਾ ਸਥਾਨ ਰੱਖਦੀ ਹੈ। ਲੱਕੜੀ ਤੋਂ ਬਣੇ ਸੁਹਾਗੇ, ਕਹੀਆਂ ਦੇ ਦਸਤੇ, ਰੰਬੇ ਤੇ ਦਾਤੀਆਂ ਦੀਆਂ ਹੱਡੀਆਂ ਆਦਿ ਲੱਕੜੀ ਦੇ ਬਣਦੇ ਹਨ ਤੇ ਇਹ ਸੰਦਾਂ ਨੂੰ ਤਿਆਰ ਕਰਨ ਵਾਲੇ ਨੂੰ ਤਰਖਾਣ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਲੋਹੇ ਤੋਂ ਵੀ ਬਹੁਤ ਸਾਰੇ ਖੇਤੀਬਾੜੀ ਵਿਚ ਵਰਤੇ ਜਾਣ ਵਾਲੇ ਔਜ਼ਾਰ ਤੇ ਸੰਦ ਤਿਆਰ ਕੀਤੇ ਜਾਂਦੇ ਹਨ ਜਿਵੇਂ ਤੂੜੀ ਚੁੱਕਣ ਲਈ ਤੰਗਲ਼ੀ, ਦਾਤੀਆਂ, ਰੰਬੇ, ਕਹੀਆਂ, ਆਦਿ ਲੋਹੇ ਤੋਂ ਬਣੇ ਔਜ਼ਾਰ ਹਨ ਜਿਨ੍ਹਾਂ ਦੀ ਵਰਤੋਂ ਨਾਲ ਖੇਤੀਬਾੜੀ ਦੇ ਕੰਮ ਨੂੰ ਸੁਖਾਲ਼ਾ ਕੀਤਾ ਜਾਂਦਾ ਹੈ।

## ਤਰਖਾਣ

ਤਰਖਾਣ ਦਾ ਨਾਂ ਵੀ ਲੋਕ ਕਿੱਤਿਆਂ ਦੀ ਗਿਣਤੀ ਵਿਚ ਆਉਂਦਾ ਹੈ। ਤਰਖਾਣ ਖੇਤੀ ਨਾਲ ਸੰਬੰਧਿਤ ਸੰਦਾਂ ਅਤੇ ਔਜ਼ਾਰਾਂ ਦੀ ਸਿਰਜਣਾ ਕਰਦਾ ਹੈ। ਤਰਖਾਣ ਸਾਡੀ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆ ਚੀਜ਼ਾਂ ਬਣਾਉਂਦਾ ਹੈ। ਜਿਵੇਂ :- ਘੋਟਣੇ, ਲੱਕੜ ਦੇ ਹਲ਼ ਲੱਕੜ ਦੀਆਂ ਪੀੜ੍ਹੀਆਂ, ਫ਼ਰਨੀਚਰ ਆਦਿ ਦਾ ਸਮਾਨ ਬਣਾਉਂਦਾ ਹੈ। ਚਰਖਾ ਵੀ ਤਰਖਾਣ ਜੀ ਬਣਾਉਂਦਾ ਹੈ। ਲੱਕੜੀ ਦਾ ਕੰਮ ਕਰਨ ਵਾਲੇ ਨੂੰ ਤਰਖਾਣ ਕਿਹਾ ਜਾਂਦਾ ਹੈ।

## ਘੁਮਿਆਰ

ਘੁਮਿਆਰ ਦਾ ਕਿੱਤਾ ਵੀ ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਰਿਹਾ ਹੈ। ਘੁਮਿਆਰ ਮਿੱਟੀ ਦੇ ਬਰਤਨ ਬਣਾ ਕੇ ਆਪਣੀ ਉਪਜੀਵਕਾ ਦੀ ਗੱਡੀ ਤੋਰਦਾ ਸੀ। ਪੁਰਾਣੇ ਸਮੇਂ ਵਿਚ ਲੋਕ ਮਿੱਟੀ ਦੇ ਬਰਤਨਾਂ ਦਾ ਪ੍ਰਯੋਗ ਜ਼ਿਆਦਾ ਕਰਦੇ ਹਨ।ਪਰ ਅਜੋਕੇ ਸਮੇਂ ਵਿਚ ਇਹਨਾਂ ਦਾ ਪ੍ਰਭਾਵ ਘੱਟ ਰਿਹਾ ਹੈ। ਪਰ ਕਈ ਥਾਵਾਂ ਤੇ ਘੁਮਿਆਰਾਂ ਦਾ ਕੰਮ ਚੱਲ ਰਿਹਾ ਹੈ। ਘੁਮਿਆਰ ਦਾ ਜ਼ਿਕਰ ਲੋਕ ਗੀਤਾਂ ਵਿਚ ਵੀ ਮਿਲਦਾ ਹੈ।

“ਵੇ ਲਿਆ ਦੇ ਚੰਬਾ ਲਾਵਾਂ ਘੜੇ ਦੇ ਕੋਲ।  
ਵੇ ਲਿਆ ਦੇ ਚੰਬਾ ਲਾਵਾਂ ਘੜੇ ਦੇ ਕੋਲ।  
ਮੈਂ ਤੇ ਸੱਸੂ ਅਸੀਂ ਕਦੇ ਨਾ ਲੜੀਆਂ  
ਮੈਂ ਤੇ ਸੱਸੂ ਅਸੀਂ ਕਦੇ ਨਾ ਲੜੀਆਂ  
ਸਹੁਰੇ ਨੇ ਮਾਰੇ ਮੰਦੇ ਬੋਲ,  
ਵੇ ਲਿਆ ਦੇ ਚੁੰਭਾ ਲਾਵਾਂ ਘੜੇ ਦੇ ਕੋਲ।”[30]

## ਸੁਨਿਆਰ

ਪੰਜਾਬ ਦੇ ਲੋਕ ਧੰਦਿਆਂ ਵਿਚ ਸੁਨਿਆਰ ਦਾ ਕੰਮ ਵੀ ਬਹੁਤ ਮਹੱਤਵਪੂਰਨ ਹੈ। ਸੁਨਿਆਰ ਦਾ ਕੰਮ ਸੋਨੇ ਅਤੇ ਚਾਂਦੀ ਦੇ ਗਹਿਣੇ ਤਿਆਰ ਕਰਨਾ ਹੈ। ਸੁਨਿਆਰ ਤੋਂ ਬਿਨਾਂ ਵਿਆਹਾਂ ਵਰਗੇ ਸ਼ੁੱਭ ਕੰਮ ਅਧੂਰੇ ਹਨ। ਪੰਜਾਬੀ ਜਿੱਥੇ ਦੱਬ ਕੇ ਵਾਹੁਣ ਤੇ ਰੱਜ ਕੇ ਖਾਣ ਵਿਚ ਯਕੀਨ ਰੱਖਦੇ ਹਨ ਉੱਥੇ ਹਾਰ ਸ਼ਿਗਾਰ ਕਰਨ ਵਿਚ ਵੀ ਪਿੱਛੇ ਨਹੀਂ ਹੱਟਦੇ। ਮੇਲਾ ਹੋਵੇ ਜਾਂ ਤਿਉਹਾਰ ਜਾਂ ਫਿਰ ਕਿਸੇ ਰਿਸ਼ਤੇਦਾਰੀ ਵਿਚ ਵਿਆਹ ਹੋਵੇ, ਪੰਜਾਬੀ ਟੌਹਰ ਕੱਢਣ ਵਿਚ ਕਿਸੇ ਤੋਂ ਵੀ ਪਿੱਛੇ ਨਹੀਂ ਰਹਿੰਦੇ। ਅਸਲ ਵਿਚ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਭਾਰਤ ਦੇ ਬਾਕੀਆਂ ਰਾਜਾਂ ਦੇ ਮੁਕਾਬਲੇ ਆਰਥਿਕ ਪੱਖੋਂ ਖ਼ੁਸ਼ਹਾਲ ਰਾਜ ਹੈ। ਪੰਜਾਬੀਆਂ ਦਾ ਸੁਭਾਅ ਵੀ ਖੁੱਲ੍ਹਾ-ਡੁੱਲ੍ਹਾ ਤੇ ਦਿਖਾਵਾ ਪ੍ਰਸਤ ਹੈ। ਸੋ ਖ਼ੁਸ਼ੀ ਦੇ ਮੌਕੇ ’ਤੇ ਪੰਜਾਬੀ ਆਪਣੀ ਖ਼ੁਸਹਾਲੀ ਤੇ ਖੁਲ ਦਿਲੀ ਦਾ ਰੱਜ ਕੇ ਦਿਖਾਵਾ ਕਰਦੇ ਤੇ ਬਹੁਤ ਸਾਰੇ ਗਹਿਣਿਆਂ ਪਹਿਨਦੇ ਜਿਸ ਵਿਚ ਸੋਨੇ, ਚਾਂਦੀ ਦਾ ਵਿਸ਼ੇਸ ਗਹਿਣਿਆਂ ਦੀ ਵਰਤੋਂ ਹੁੰਦੀ। ਮਰਦਾਂ ਦਾ ਕੈਂਠਾ ਤੇ ਔਰਤਾਂ ਦਾ ਸੱਗੀ ਫੁੱਲ ਵਿਸ਼ੇਸ ਗਹਿਣੇ ਹਨ ਇਨ੍ਹਾਂ ਤੋਂ ਇਲਾਵਾ ਪੰਜਾਬੀ ਹੋਰ ਵੀ ਬਹੁਤ ਸਾਰੇ ਗਹਿਣਿਆਂ ਨੂੰ ਪਹਿਨਣ ਦੇ ਸ਼ੌਕੀਨ ਹਨ।

“ਬੀਬੀ ਗਿਆ ਸਾਂ ਮੈਂ ਸੁਨਿਆਰੇ ਦੇ ਪਾਸ,  
ਗਹਿਣੇ ਘੜਾ ਵਣ ਨੂੰ।  
ਵੀਰਾ ਗਹਿਣੇ ਘੜਾਵੇ ਤੇਰਾ ਬਾਪ,

[30] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-209

ਤੈਨੂੰ ਕਾਹਦਾ ਫ਼ਿਕਰ ਪਿਆ।"[31]

ਜਾਂ

"ਰਾਜਾ ਕਹਿੰਦਾ ਰਾਣੀਏ ਸੁਣ ਮੇਰੀ ਬਾਤ ਨੀ,

ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦੇਈਏ।

ਸੁਨਿਆਰੇ ਦੇ ਜਾਈਏ ਵੇ ਰਾਜਾ,

ਗਹਿਣੇ ਬਣਵਾਈਏ,

ਗਾਗਰ ਸੇ ਸੁੱਚੇ ਮੋਤੀ ਉਹਨੂੰ ਦੇਈਏ।

ਪੁੱਤਰਾਂ ਦਾ ਜੰਮਣਾ ਵੇ ਰਾਜਾ ਨੂੰਹਾਂ ਦਾ ਆਉਣਾ,

ਇੰਦਰ ਦੀ ਵਰਖਾ ਵੇ ਰਾਜਾ,

ਨਿੱਤ ਨਹੀਂ ਆਉਣੀ।"[32]

ਜਾਂ

"ਜੇ ਮੈਂ ਜਾਣਦੀ ਤੂੰ ਪੁੱਤ ਸੁਨਿਆਰ ਦਾ ,

ਜੇ ਮੈਂ ਜਾਣਦੀ ਤੂੰ ਪੁੱਤ ਸੁਨਿਆਰ ਦਾ,

ਤੇਰੇ ਕੈਂਠੇ ਨੂੰ ਵੇਖ ਵੇਖ ਡੁੱਲ੍ਹੀ,

ਬੀਬਾ ਵੇ ਅੱਡੀ ਤੋੜੇ ਵਾਲੀ ਝਾਂਜਰ ਹਿੱਲੇ।"[33]

ਜਾਂ

"ਲੈ ਦਮੜੀ, ਲੈ ਦਮੜੀ ਸੁਨਿਆਰੇ ਹੱਟੀ ਜਾਣੀ ਆ, ਲੈ ਦਮੜੀ

ਮਾਹੀ ਨੂੰ ਕੈਂਠਾ ਦਈਓ ਨਾ।

ਦਈਓ ਨਾ ਦੁਆਈਓ ਨਾ,

ਸਾਨੂੰ ਤੇ ਮਾਹੀ ਦੀ ਲੋੜ ਕੋਈ ਨਾ,

ਲੋੜ ਕੋਈ ਨਾ ਪ੍ਰਵਾਹ ਕੋਈ ਨਾ

ਪ੍ਰਵਾਹ ਕੋਈ ਨਾ ਦਿਲ ਚਾਹ ਕੋਈ ਨਾ। "[34]

---

[31] ਉਹੀ, ਪੰਨਾ 104

[32] ਉਹੀ, ਪੰਨਾ-136

[33] ਉਹੀ, ਪੰਨਾ-199

[34] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ,  ਪੰਨਾ-189

ਜਾਂ

"ਮੈਂ ਕਾਂਟੇ ਵੇ ਘੜਾਏ ਤੋਲੇ ਚਾਰ ਕਾਂਟੇ ਫਬ ਵੇ ਗਏ,

ਮੇਰਾ ਵੇਖਣ ਵਾਲਾ ਲਾਲ ਨੀ ਤੁਰ ਪਰਦੇਸ ਗਿਆ।"[35]

## ਹਕੀਮ

ਹਕੀਮ ਦੇਸੀ ਦਵਾਈਆਂ ਅਤੇ ਨੁਕਤਿਆਂ ਨਾਲ ਲੋਕਾਂ ਦਾ ਇਲਾਜ ਕਰਦਾ ਹੈ। ਪੁਰਾਣੇ ਸਮੇਂ ਵਿਚ ਡਾਕਟਰ ਨੂੰ ਹਕੀਮ ਕਿਹਾ ਜਾਂਦਾ ਸੀ। ਹਕੀਮ ਬਾਰੇ ਵੀ ਪੰਜਾਬੀ ਲੋਕ ਗੀਤਾਂ ਵਿਚ ਜ਼ਿਕਰ ਮਿਲਦਾ ਹੈ।

"ਸਾਡੇ ਕੋਠੇ ਕੋਠੇ ਆਵਣਾ, ਹਕੀਮ ਤਾਰਾ ਚੰਦ।

ਸਾਡੀ ਨਬਜ਼ ਜ਼ਰਾ ਵੇਖਣੀ, ਚਲਦੀ ਏ ਕਿ ਬੰਦ।

ਤੁਸੀਂ ਆਇਓ ਹਕੀਮ ਜੀ ਗੋਰੀ ਬੜੀ ਤੰਗ।

ਹਕੀਮ ਜੀ ਨੇ ਦੱਸਿਆ ਮੂੰਗੀ ਤੇ ਫੂਲਕਾ।

ਹਕੀਮ ਜੀ ਨੇ ਦੱਸਿਆ ਮੂੰਗੀ ਤੇ ਫੂਲਕਾ।

ਮੈਂ ਤਾਂ ਖਾ ਲਈ ਹਕੀਮ ਜੀ ਆਲੂ ਗੋਭੀ ਬੰਦ।

ਅਸੀਂ ਹੋ ਗਏ ਹਕੀਮ ਜੀ ਪਹਿਲਾਂ ਨਾਲੋਂ ਤੰਗ ।

ਸਾਡੇ ਕੋਠੇ ਕੋਠੇ ਆਵਣਾ, ਹਕੀਮ ਤਾਰਾ ਚੰਦ।

ਹਕੀਮ ਜੀ ਨੇ ਦੱਸਿਆ, ਥੋੜ੍ਹਾ ਥੋੜ੍ਹਾ ਬੋਲਣਾ।

ਹਕੀਮ ਜੀ ਨੇ ਦੱਸਿਆ, ਥੋੜ੍ਹਾ ਥੋੜ੍ਹਾ ਬੋਲਣਾ।

ਅਸੀਂ ਛੇੜ ਲਈ ਹਕੀਮ ਜੀ ਜਠਾਣੀ ਨਾਲ ਜੰਗ।"[36]

## ਪਾਂਧਾ

ਪਾਂਧਾ ਦਾ ਕਿੱਤਾ ਵੀ ਅਹਿਮ ਰੋਲ ਅਦਾ ਕਰਦਾ ਹੈ। ਪਾਂਧੇ ਮਨੁੱਖੀ ਜੀਵਨ ਵਿਚ ਚੱਲ ਰਹੇ ਗ੍ਰਹਿ ਦੋਸ਼ਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇ ਕੇ ਸ਼ਾਂਤੀ ਦਾ ਹੱਲ ਵੀ ਦੱਸਦਾ ਹੈ। ਪਾਂਧਾ ਪੱਤਰੀਆਂ, ਕੁੰਡਲੀਆਂ, ਅਤੇ ਸਾਹੇ ਵਰਗੇ ਕੰਮ ਨੇਪਰੇ ਚਾੜ੍ਹਦਾ ਹੈ ਅਤੇ ਲੋਕ ਸ਼ਰਧਾ ਅਨੁਸਾਰ ਪੈਸੇ, ਕੱਪੜੇ, ਅਤੇ ਅਨਾਜ ਅਤੇ ਜਿਨਸਾਂ ਦਿੰਦੇ ਹਨ। ਜਿਵੇਂ

"ਵੀਰਾਂ ਸ਼ਗਨਾਂ ਵਾਲੀ ਰਾਤ, ਗਲੀਆਂ ਵਿਚ ਕਿਉਂ ਫਿਰਦਾ,

ਬੀਬੀ ਗਿਆ ਸਾਂ ਮੈਂ ਪਾਂਧੇ ਦੇ ਪਾਸ, ਸਾਹਾ ਸੁਧਾਵਣ ਨੂੰ।"[37]

---

[35] ਉਹੀ, ਪੰਨਾ-198

[36] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-224

[37] ਉਹੀ, ਪੰਨਾ-104

ਜਾਂ

"ਦੂਰੋਂ ਲਾਹੌਰੋਂ ਮੈਂ ਪਾਂਧਾ ਮੰਗਾਉਣੀ ਆਂ,

ਮੈਂ ਵੀਰੇ ਦਾ ਸਾਹਾ ਸੁਧਾ ਲੈਨੀ ਆਂ।

ਆ ਵੇ ਵੀਰਾ ਬਾਗ਼ੀਂ ਸੈਰ ਕਰੇਂ ਦੀਆ,

ਆ ਵੇ ਵੀਰਾ ਭਾਈਆਂ ਨਾਲ ਖੜੇਂਦਿਆ,

ਆ ਵੇ ਵੀਰਾ ਮੁੱਖੋਂ ਪਾਨ ਚਬੇਂਦਿਆ,

ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆ।"[38]

## ਵਣਜਾਰਾ

ਪੁਰਾਣੇ ਪੰਜਾਬ ਵਿਚ ਔਰਤਾਂ ਘਰ ਵਿਚ ਰਹਿ ਕੇ ਘਰ ਦਾ ਕੰਮ ਤੇ ਬੱਚੇ ਸੰਭਾਲਦੀਆਂ ਸਨ ਜਿਸ ਕਾਰਨ ਉਨ੍ਹਾਂ ਨੂੰ ਘਰ ਤੋਂ ਜਾਂ ਪਿੰਡ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ ਉਹ ਆਪਣੇ ਹਾਰ ਸ਼ਿੰਗਾਰ ਦਾ ਸਮਾਨ ਲੈਣ ਵੀ ਦੁਕਾਨ ਜਾਂ ਪਿੰਡ ਤੋਂ ਬਾਹਰ ਨਹੀਂ ਜਾਂਦੀਆਂ ਸਨ। ਹਾਰ ਸ਼ਿੰਗਾਰ ਦੀ ਖ਼ਰੀਦ ਜਾਂ ਤਾਂ ਮੇਲਿਆਂ ਵਿਚ ਜਾਂ ਪਿੰਡ ਵਿਚ ਹਾਰ ਸ਼ਿੰਗਾਰ ਦਾ ਸਮਾਨ ਲਿਆਏ ਵਣਜਾਰੇ ਤੋਂ ਹੁੰਦੀ ਸੀ। ਵਣਜਾਰੇ ਦਾ ਕੰਮ ਪਿੰਡਾਂ ਜਾਂ ਸ਼ਹਿਰਾਂ ਵਿਚ ਜਾ ਕੇ ਵੰਗਾਂ, ਦਾਤਣ, ਸੁਰਮਾ ਅਤੇ ਹਾਰ ਸ਼ਿੰਗਾਰ ਦੀਆਂ ਵਸਤਾਂ ਵੇਚਣ ਹੁੰਦਾ ਹੈ। ਲੋਕ ਗੀਤਾਂ ਵਿਚ ਵੀ ਵਣਜਾਰੇ ਦਾ ਜ਼ਿਕਰ ਆਉਂਦਾ ਹੈ। ਜਿਵੇਂ

"ਆ ਵਣਜਾਰਿਆ ਵੰਗਾਂ ਵਾਲਿਆਂ
ਕਿੱਥੇ ਤਾਂ ਤੇਰੇ ਘਰ ਵੇ।
ਵੰਗਾਂ ਬਲੌਰੀ ਚਾੜ੍ਹ ਦੇ ਮੇਰੇ
ਪੈਸੇ ਪਹਿਲਾਂ ਫੜ ਵੇ।
ਭੀੜੀ ਵੰਗ ਬਚਾ ਕੇ ਚਾੜ੍ਹੀ
ਮੈਂ ਜਾਉਗੀ ਮਰ ਵੇਂ। "[39]

---

[38] ਉਹੀ, ਪੰਨਾ-140

[39] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-160

## ਲਲਾਰੀ

ਲਲਾਰੀ ਦਾ ਕੰਮ ਵੀ ਲੋਕ ਧੰਦਿਆਂ ਵਿਚ ਖ਼ਾਸ ਮਹੱਤਵ ਰੱਖਦਾ ਹੈ। ਲਲਾਰੀ ਦਾ ਕੰਮ ਚੁੰਨੀਆਂ ਅਤੇ ਡੋਰੀਏ ਰੰਗਣ ਦਾ ਹੈ। ਮੁਟਿਆਰਾਂ ਰੰਗੇ ਹੋਏ ਦੁਪੱਟੇ ਲੈਣ ਦੀਆਂ ਸ਼ੌਕੀਨ ਹੁੰਦੀਆਂ ਹਨ। ਜਿਵੇਂ :-

"ਬੀਬੀ ਗਿਆ ਸਾਂ ਮੈਂ ਲਲਾਰੀ ਦੇ ਪਾਸ, ਚੀਰਾ ਰੰਗਾਣੇ ਨੂੰ।

ਵੀਰਾ ਚੀਰਾ ਰੰਗਾਵੇਂ ਤੇਰਾ ਬਾਪ, ਤੈਨੂੰ ਕਾਹਦਾ ਫ਼ਿਕਰ ਪਿਆ। "[40]

ਜਾਂ

"ਦੂਰੋਂ ਲਾਹੌਰੋ ਲਲਾਰੀ ਮੰਗਾਉਨੀ ਆਂ,

ਮੈਂ ਵੀਰੇ ਦਾ ਚੀਰਾ ਰੰਗਾ ਲੈਨੀ ਆਂ।

ਆ ਵੇ ਵੀਰਾ ਬਾਗੀ ਸੈਰ ਕਰੇਂਦਿਆ,

ਆ ਵੇ ਵੀਰਾ ਭਾਈਆਂ ਨਾਲ ਖਡੇਂਦਿਆ,

ਆ ਵੇ ਵੀਰਾ ਮੁੱਖੋਂ ਪਾਨ ਚਬੇਂਦਿਆ,

ਮੈਂ ਆਉਂਦੇ ਦੇ ਸ਼ਗਨ ਮਨਾ ਲੈਨੀ ਆਂ।

ਨੀ ਮੈਂ ਵੀਰੇ ਨੂੰ ਚੀਰਾ ਸਜਾ ਲੈਨੀ ਆ।"[41]

ਜਾਂ

"ਤੁਰਿਆ ਤੁਰਿਆ ਜਾਂਦਾ ਨੀ ਲਲਾਰਨ ਵਿਹੜੇ, ਨੀ ਲਲਾਰਨ ਵਿਹੜੇ,

ਉੱਥੋਂ ਸੋਹਣਾ ਜਿਹਾ ਚੀਰਾ ਨੀ ਰੰਗਾਂਵਦਾ ਈ।

ਦੱਸੀਂ ਦੱਸੀਂ ਲਲਾਰਨ ਨੀ ਲਾਲ ਮੇਰਾ,

---

[40] ਉਹੀ, ਪੰਨਾ-104

[41] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-140

ਨਹੀਂ ਤੇ ਦੋਸ਼ ਤੇਰੇ ਸਿਰ ਆਂਵਦਾ ਈ।"[42]

ਇਸ ਤੋਂ ਇਲਾਵਾ ਹਲਵਾਈ, ਮਾਲੀ, ਮਲਾਹ ਆਦਿ ਕੰਮ ਧੰਦਿਆਂ ਬਾਰੇ ਵੀ ਪੰਜਾਬੀ ਲੋਕ ਗੀਤਾਂ ਬਾਰੇ ਵੀ ਜ਼ਿਕਰ ਮਿਲਦਾ ਹੈ।

### ਚਮੜਾ

ਚਮੜੇ ਦਾ ਕੰਮ ਵੀ ਲੋਕ ਧੰਦੇ ਦੇ ਘੇਰੇ ਵਿਚ ਆਉਂਦਾ ਹੈ। ਚਮੜੇ ਦਾ ਕੰਮ ਕਰਨ ਵਾਲੇ ਮਰੇ ਪਸ਼ੂਆਂ ਦਾ ਚੰਮ ਲਾਉਂਦੇ ਹਨ ਤੇ ਉਸ ਤੋਂ ਚਮੜੇ ਦੀਆਂ ਅਨੇਕਾਂ ਵਸਤਾਂ ਤਿਆਰ ਕਰਦੇ ਹਨ ਜਿਵੇਂ ਜੁੱਤੀਆਂ, ਬੈਗ, ਸੂਟਕੇਸ , ਖੇਡਾਂ ਦਾ ਸਾਮਾਨ ਅਤੇ ਹੋਰ ਅਨੇਕਾਂ ਵਸਤਾਂ ਦਾ ਨਿਰਮਾਣ ਚਮੜੇ ਤੋਂ ਹੁੰਦਾ ਹੈ।

## ਔਰਤਾਂ ਦੇ ਲੋਕ ਕਿੱਤੇ

ਪੁਰਾਣੇ ਪੰਜਾਬ ਵਿਚ ਔਰਤ ਘਰ ਵਿਚ ਰਹਿ ਕੇ ਘਰ ਦਾ ਕੰਮ ਕਰਦੀ ਹੁੰਦੀ ਸੀ ਆਪਣੇ ਘਰ ਦਾ ਕੰਮ ਕਰਨ ਉਪਰੰਤ ਉਹ ਵਿਹਲੇ ਸਮੇਂ ਦਾ ਸਦਉਪਯੋਗ ਕਰਨ ਲਈ ਕਦੀ ਚਰਖੇ ਡਾਉਂਦੀਆਂ ਤੇ ਕਦੀ ਕਸੀਦਾ ਕੱਢਦੀਆਂ। ਇਸ ਤੋਂ ਇਲਾਵਾ ਦਰੀਆਂ ਖੇਸ ਸਵੈਟਰ ਬੁਣਨਾ ਆਦਿ ਕਿੱਤੇ ਕਰਦੀਆਂ ਸਨ।

ਚਰਖਾ ਕੱਤਣਾ

ਪੰਜਾਬੀ ਸਭਿਆਚਾਰ ਵਿਚ ਔਰਤਾਂ ਲਈ ਚਰਖਾਂ ਕੱਤਣ ਦਾ ਕੰਮ ਬੜਾ ਅਹਿਮ ਹੁੰਦਾ ਸੀ। ਹੁਣ ਤਾਂ ਚਰਖੇ ਦੇਖਣ ਨੂੰ ਵੀ ਨਹੀਂ ਮਿਲਦੇ ਚਰਖਾ ਕੱਤਣਾ ਤਾਂ ਬਹੁਤ ਦੂਰ ਦੀ ਗੱਲ ਹੈ। ਲੋਕ ਗੀਤਾਂ ਵਿਚ ਬਹੁਤ ਥਾਈਂ ਚਰਖੇ ਦਾ ਜ਼ਿਕਰ ਮਿਲਦਾ ਹੈ।

"ਤੇਰੇ ਮਹਿਲਾਂ ਦੇ ਵਿਚ ਵਿਚ ਵੇ, ਬਾਬਲ ਚਰਖਾ ਕੌਣ ਕੱਤੂ?

ਮੇਰੀਆਂ ਕੱਤਣ ਪੋਤਰੀਆਂ, ਧੀਏ ਘਰ ਜਾਂ ਆਪਣੇ।"[43]

ਕਿੱਤੇ ਜਾਂ ਧੰਦੇ ਵਿਚ ਖ਼ਾਸ ਇੱਕ ਖ਼ਾਸ ਉਸਤਾਦੀ ਵੀ ਹੁੰਦੀ ਹੈ। ਜਿਹੜੀ ਹੱਥ ਦੀ ਕਲਾ ਨਾਲ ਵੀ ਸਿਰਜੀ ਜਾਂਦੀ ਹੈ। ਇੰਝ ਇਹ ਦਸਤਕਾਰੀ ਵੀ ਬਣ ਜਾਂਦੀ ਹੈ। ਜਿਸ ਨਾਲ ਕੋਈ ਆਦਮੀ ਆਪਣੀ ਰੋਜ਼ੀ ਵੀ ਕਮਾਉਂਦਾ ਹੈ।

---

[42] ਉਹੀ, ਪੰਨਾ-172

[43] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-22

ਇਸ ਪ੍ਰਕਾਰ ਪੰਜਾਬੀ ਸਭਿਆਚਾਰ ਵਿਚ ਉਹ ਸਾਰੇ ਲੋਕ, ਜਿਹੜੇ ਆਪਣੀ ਰੋਜ਼ੀ ਰੋਟੀ ਲਈ ਭਿੰਨ-2 ਧੰਦਿਆਂ ਵਿਚ ਲੱਗੇ ਹੋਏ ਹਨ, ਲੋਕ ਕਿੱਤਾਕਾਰ ਅਖਵਾਉਂਦੇ ਹਨ।

ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਕੱਸੀਦਾ ਕੱਢਣ ਦਾ ਲੋਕ ਧੰਦਾ ਦੀ ਝਲਕ ਦੇਖੀ ਜਾ ਸਕਦੀ ਹੈ। ਜਿਵੇਂ

**ਕਸੀਦਾ ਕੱਢਣਾ**

ਇਸ ਸੁਹਾਗ ਵਿਚ ਪੰਜਾਬੀ ਲੋਕਧਾਰਾਈ ਜੀਵਨ ਦੀ ਝਲਕ ਪੇਸ਼ ਕੀਤੀ ਗਈ ਹੈ। ਪੁਰਾਣੇ ਪੰਜਾਬ ਵਿਚ ਕੁੜੀਆਂ ਜਾਂ ਔਰਤਾਂ ਸੂਈ ਨਾਲ ਕੱਸੀਦਾ ਕੱਢਦੀਆਂ ਸਨ। ਅੱਜ ਦੇ ਪੰਜੂਵਾਦੀ ਤੇ ਤਕਨੀਕੀ ਯੁੱਗ ਕਾਰਨ ਇਹ ਲੋਕ ਕਿੱਤਾ ਪਹਿਲਾ ਨਾਲੋਂ ਘੱਟ ਗਿਆ ਹੈ ਪਰ ਇਸ ਲੋਕ ਕਿੱਤੇ ਦੀ ਝਲਕ ਅੱਜ ਵੀ ਲੋਕ ਗੀਤਾਂ ਵਿਚ ਸਾਫ਼ ਦੇਖੀ ਜਾ ਸਕਦੀ ਹੈ। ਜਿਵੇਂ:-

"ਨਿੱਕੀ ਜਿਹੀ ਸੂਈ ਵਟਵਾਂ ਧਾਗਾ,

ਬੈਠ ਕੱਸੀਦਾ ਕੱਢ ਰਹੀ ਆ।

ਨਿੱਕੀ ਜਿਹੀ ਸੂਈ ਵਟਵਾਂ ਧਾਗਾ,

ਬੈਠ ਕੱਸੀਦਾ ਕੱਢ ਰਹੀ ਆਂ।

ਆਉਂਦੇ ਜਾਂਦੇ ਰਾਹੀ ਮੈਨੂੰ ਪੁੱਛਦੇ ਤੂੰ

ਤੂੰ ਕਿਉਂ ਬੀਬੀ ਰੋ ਰਹੀ ਆ।

ਬਾਬਲ ਮੇਰੇ ਕਾਜ ਰਚਾਇਆ,

ਮੈਂ ਪਰਦੇਸਣ ਹੋ ਰਹੀ ਆਂ।" [44]

ਲੋਕ ਧੰਦੇ ਹੀ ਕਿਸੇ ਸਮਾਜ ਨੂੰ ਵਿਕਸਤ ਬਣਾਉਂਦੇ ਹਨ ਪੰਜਾਬ ਦੀ ਖ਼ੁਸ਼ਹਾਲੀ ਪਿੱਛੇ ਵੀ ਪੰਜਾਬ ਦੇ ਲੋਕ ਕਿੱਤੇ ਹੀ ਹਨ। ਪੰਜਾਬ ਵਿਚ ਜਿਅਤਾਦਾਰ ਖੇਤੀ ਬਾੜੀ ਦਾ ਕੰਮ ਪ੍ਰਚਲਿਤ ਹੈ ਪਰ ਇਸ ਤੋਂ ਇਲਾਵਾ ਤਰਖਾਣ, ਲੁਹਾਰ, ਸੁਨਿਆਰ ਅਤੇ ਲੋਹੇ ਦਾ ਕੰਮ ਵੀ ਪੰਜਾਬ ਵਿਚ ਬਹੁਤ ,ਮਸ਼ਹੂਰ ਹੈ ਪੰਜਾਬ ਦੇ ਫ਼ਤਿਹਗੜ੍ਹ ਸਾਹਿਬ ਜਿਲ੍ਹੇ

[44] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-33

ਵਿਚ ਪੈਂਦੇ ਮੰਡੀ ਗੋਬਿੰਦਗੜ੍ਹ ਨੂੰ ਵੀ ਲੋਹੇ ਦੇ ਕੰਮ ਵਜੋਂ ਜਾਣਿਆਂ ਜਾਂਦਾ ਹੈ। ਸੋ ਇਸ ਤਰ੍ਹਾਂ ਪੰਜਾਬ ਤੇ ਖੇਤੀ ਦੀ ਪ੍ਰਧਾਨਤਾ ਹੋਣ ਦੇ ਬਾਵਜੂਦ ਹੋਰ ਵੀ ਬਹੁਤ ਸਾਰੇ ਲੋਕ ਧੰਦੇ ਪੰਜਾਬ ਵਿਚ ਪ੍ਰਚਲਿਤ ਹਨ।

## 4.2 ਸਾਕਾ-ਚਾਰੀ

ਪੰਜਾਬੀ ਸਭਿਆਚਾਰਕ ਜੀਵਨ ਸ਼ੈਲੀ ਦੀ ਨੁਹਾਰ ਪੰਜਾਬੀਆਂ ਦੇ ਰਿਸ਼ਤਾ ਪ੍ਰਬੰਧ ਅਰਥਾਤ ਸਾਕਾਚਾਰੀ ਦੇ ਨਿਭਾਅ ਵਿਚੋਂ ਵੀ ਵੇਖੀ ਜਾ ਸਕਦੀ ਹੈ। ਪੰਜਾਬੀ ਲੋਕ ਅਨੇਕਾਂ ਪ੍ਰਕਾਰ ਦੇ ਰਿਸ਼ਤੇ ਨੂੰ ਸਥਾਪਿਤ ਕਰ ਸਕਦੇ ਹਨ ਪਰ ਪੰਜ ਪ੍ਰਕਾਰ ਦੇ ਰਿਸ਼ਤੇ ਨਾਤੇ ਤਾਂ ਬਹੁਤ ਹੀ ਪ੍ਰਚਲਿਤ ਰਹੇ ਹਨ। ਇਹਨਾਂ ਪੰਜ ਵਿਚੋਂ ਪਹਿਲੀ ਕਿਸਮ ਦੇ ਰਿਸ਼ਤੇ, ਖ਼ੂਨ ਦੇ ਰਿਸ਼ਤੇ ਹਨ, ਜਿਸ ਵਿਚ ਭੈਣ ਭਰਾ ਦਾ ਰਿਸ਼ਤਾ, ਭਰਾ-ਭਰਾ ਦਾ ਰਿਸ਼ਤਾ, ਭੈਣ-ਭੈਣ ਦਾ ਰਿਸ਼ਤਾ ਹੈ। ਦੂਜੀ ਕਿਸਮ ਜਨਮ ਦੁਆਰਾ ਰਿਸ਼ਤੇ ਦੀ ਹੈ। ਇਸ ਵਿਚ ਮਾਂ-ਪੁੱਤ, ਮਾਂ-ਧੀ, ਪਿਉ-ਪੁੱਤ, ਦੇ ਰਿਸ਼ਤੇ ਸਮਿਲਤ ਹਨ। ਤੀਜੀ ਕਿਸਮ ਦੇ ਰਿਸ਼ਤੇ 'ਪਰਿਵਾਰਕ ਰਿਸ਼ਤੇ' ਹਨ। ਇਸ ਵਿਚ ਚਾਚਾ-ਭਤੀਜਾ, ਤਾਇਆ-ਭਤੀਜਾ, ਮਾਮੇ-ਭਣੇਵੇਂ/ਭਣੇਵੀਂ, ਨਾਨਾ- ਦੋਹਤਾ/ਦੋਹਤੀ ਅਤੇ ਚਾਚੀ, ਤਾਈ, ਮਾਸੀ, ਭੂਆ, ਫੁੱਫੜ ਅਤੇ ਇਹਨਾਂ ਦੀ ਔਲਾਦ ਨਾਲ ਸੰਬੰਧਿਤ ਆਦਿ ਰਿਸ਼ਤੇ ਗਿਣੇ ਜਾ ਸਕਦੇ ਹਨ। ਚੌਥੀ ਕਿਸਮ ਦੇ ਉਹ ਰਿਸ਼ਤੇ ਹਨ ਜੋ 'ਵਿਆਹ' ਰਾਹੀ ਬਣਦੇ ਹਨ, ਜਿਵੇਂ :- ਸੱਸ-ਨੂੰਹ, ਸਹੁਰਾ-ਜਵਾਈ, ਨਣਦ-ਭਰਜਾਈ, ਦਿਉਰ-ਦਰਾਣੀ, ਜੇਠ-ਜਠਾਣੀ, ਕੁੜਮਣੀ ਆਦਿ। ਪੰਜਵੀਂ ਕਿਸਮ ਦੇ ਰਿਸ਼ਤੇ ਉਹ ਹਨ ਜੋ ਮਨੁੱਖੀ ਭਾਵਾਂ, ਪਿਆਰ, ਤੇਹ, ਅਤੇ ਸਤਿਕਾਰ ਆਦਿ ਦੇ ਮਾਧਿਅਮ ਨਾਲ ਬਣਾ ਲਏ ਜਾਂਦੇ ਹਨ। ਜਿਨ੍ਹਾਂ ਸਾਰਿਆਂ ਰਿਸ਼ਤਿਆਂ ਵਿਚ ਪਿਉ ਦਾ ਰਿਸ਼ਤਾ ਵਿਸ਼ੇਸ਼ ਮਹੱਤਵ ਰੱਖਦਾ ਹੈ।

ਪੰਜਾਬੀ ਸੰਯੁਕਤ ਪਰਿਵਾਰ ਵਿਚ ਮਾਂ ਦੀ ਸਥਿਤੀ ਨੂੰ ਪਿਤਾ ਜਿੰਨੀ ਲੀਡਿੰਗ ਮਾਨਤਾ ਨਹੀਂ ਮਿਲੀ, ਸਗੋਂ ਉਹ ਇੱਕ ਸਹਾਇਕ ਵਾਂਗ ਹੀ ਵਿਚਰਦੀ ਰਹੀ ਹੈ। ਪ੍ਰੰਤੂ ਇਕਹਿਰੇ ਪਰਿਵਾਰਾਂ ਵਿਚ ਇਸ ਨੇ ਜ਼ਰੂਰ ਉਚੇਚ ਸਥਾਨ ਗ੍ਰਹਿਣ ਕੀਤਾ ਹੈ ਅਤੇ ਨਿਰੋਲ ਨਾਰੀ ਸੰਬੰਧਾਂ ਵਿਚ ਸੱਸ ਦੇ ਰੂਪ ਵਿਚ, ਨੂੰਹਾਂ ਤੇ ਹਮੇਸ਼ਾ ਪ੍ਰਧਾਨ ਰਹੀ ਹੈ। ਇਸ ਤਰ੍ਹਾਂ ਦਰਾਣੀਆਂ ਜਠਾਣੀਆਂ ਵਿਚ ਜਠਾਣੀ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਲੜਕੀਆਂ ਨੂੰ ਤਾਂ ਸਮਝਿਆ ਹੀ ਗਊ ਜਾਂਦਾ ਹੈ। ਦਿਉਰ ਭਰਜਾਈ ਦਾ ਰਿਸ਼ਤਾ ਨਰਮ ਰਿਸ਼ਤਿਆਂ ਵਿਚ ਗਿਣਿਆ ਜਾਂਦਾ ਹੈ। ਭਾਬੀ ਦਿਉਰ, ਨੂੰ ਭਾਵੇਂ ਗਾਲ੍ਹਾਂ ਕੱਢ ਲਵੇ, ਦਿਉਰ ਗ਼ੁੱਸਾ ਨਹੀਂ ਕਰਦਾ ਪਰ ਇਸ ਦੇ ਉਲਟ ਜੇਠ ਭਰਜਾਈ ਦਾ ਨਾਤਾ ਨੂੰਹ ਸੱਸ ਦੇ ਨਾਤੇ ਨਾਲੋਂ ਵੀ ਕੜਵਾਂ ਨਾਤਾ ਪਰਵਾਨਿਆ ਗਿਆ ਹੈ। ਜੇ ਜੇਠ ਛੜਾ ਹੋਵੇ ਤਾਂ ਫਿਰ ਹੋਰ ਸਖ਼ਤਾਈ ਵਾਪਰ ਜਾਂਦੀ ਹੈ।

"ਹਰੀਏ ਨੀ ਰਸ ਭਰੀਏ ਖਜੂਰੇ,
ਕੀਹਨੇ ਦਿੱਤਾ ਐਡੀ ਦੂਰ ਏ।
ਬਾਬਲ ਮੇਰਾ ਕੋਈ ਦੇਸਾਂ ਦਾ ਰਾਜਾ,

ਉਹਨੇ ਦਿੱਤਾ ਐਡੀ ਦੂਰ ਏ।
ਮਾਤਾ ਮੇਰੀ ਕੋਈ ਮਹਿਲਾਂ ਦੀ ਰਾਣੀ ।
ਦਾਜ ਦਿੱਤਾ ਗੱਡ ਪੂਰ ਏ।"
ਹਰੀਏ ਨੀ ਰਸ ਭਰੀਏ ਖਜੂਰੇ,
ਕੀਹਨੇ ਦਿੱਤਾ ਐਡੀ ਦੂਰ ਏ।
ਚਾਚਾ ਮੇਰਾ ਕੋਈ ਦੇਸਾਂ ਦਾ ਰਾਜਾ,
ਉਹਨੇ ਦਿੱਤਾ ਐਡੀ ਦੂਰ ਏ।
ਚਾਚੀ ਮੇਰੀ ਕੋਈ ਮਹਿਲਾਂ ਦੀ ਰਾਣੀ ।
ਦਾਜ ਦਿੱਤਾ ਗੱਡ ਪੂਰ ਏ।"
ਹਰੀਏ ਨੀ ਰਸ ਭਰੀਏ ਖਜੂਰੇ,
ਕੀਹਨੇ ਦਿੱਤਾ ਐਡੀ ਦੂਰ ਏ।
ਮਾਮਾ ਮੇਰਾ ਕੋਈ ਦੇਸਾਂ ਦਾ ਰਾਜਾ,
ਉਹਨੇ ਦਿੱਤਾ ਐਡੀ ਦੂਰ ਏ।
ਮਾਮੀ ਮੇਰੀ ਕੋਈ ਮਹਿਲਾਂ ਦੀ ਰਾਣੀ ।
ਦਾਜ ਦਿੱਤਾ ਗੱਡ ਪੂਰ ਏ।
ਹਰੀਏ ਨੀ ਰਸ ਭਰੀਏ ਖਜੂਰੇ,
ਕੀਹਨੇ ਦਿੱਤਾ ਐਡੀ ਦੂਰ ਏ।
ਵੀਰਾ ਮੇਰਾ ਕੋਈ ਦੇਸਾਂ ਦਾ ਰਾਜਾ,
ਉਹਨੇ ਦਿੱਤਾ ਐਡੀ ਦੂਰ ਏ।
ਭਾਬੋ ਮੇਰੀ ਕੋਈ ਮਹਿਲਾਂ ਦੀ ਰਾਣੀ ।
ਦਾਜ ਦਿੱਤਾ ਗੱਡ ਪੂਰ ਏ।"[45]

ਇਸ ਸੁਹਾਗ ਵਿਚ ਸਾਕਾਚਾਰੀ ਸਾਫ਼ ਦੇਖੀ ਜਾ ਸਕਦੀ ਹੈ। ਇਸ ਵਿਚ ਬਾਬਲ, ਮਾਂ, ਚਾਚਾ, ਚਾਚੀ, ਮਾਮਾ, ਮਾਮੀ, ਵੀਰ, ਭਾਬੋ ਆਦਿ ਰਿਸ਼ਤਿਆਂ ਦੀ ਝਲਕ ਮਿਲਦੀ ਹੈ। ਜਿਸ ਵਿਚ ਬਾਬਲ ਵੱਲੋਂ ਧੀ ਨੂੰ ਦੂਰ ਦਿੱਤੇ ਜਾਣ ਦੀ ਗੱਲ ਹੈ ਅਤੇ ਮਾਂ ਨੂੰ ਮਹਿਲਾਂ ਦੀ ਰਾਣੀ ਅਤੇ ਦਾਜ ਖੁੱਲ੍ਹੇ ਦਿਲ ਨਾਲ ਦਿੱਤਾ ਹੈ ਦਾ ਜ਼ਿਕਰ ਹੈ।

[45] ਪ੍ਰੋ. ਪਰਮਜੀਤ ਕੌਰ ਨੂਰ, ਸ਼ਗਨਾਂ ਵੇਲਾ, ਪੰਨਾ-21

# ਸਥਾਪਨਾਵਾਂ ਅਤੇ ਸਿੱਟੇ

ਪ੍ਰੋ. ਪਰਮਜੀਤ ਕੌਰ ਨੂਰ ਰਚਿਤ ਸ਼ਗਨਾਂ ਵੇਲਾ ਲੋਕ-ਗੀਤ ਸੰਗ੍ਰਹਿ ਦਾ ਲੋਕਧਾਰਾਈ ਅਧਿਐਨ ਵਿਚ ਲੋਕ ਗੀਤਾਂ ਦਾ ਲੋਕਧਾਰਾਈ ਪਰਿਪੇਖ ਵਜੋਂ ਅਧਿਐਨ ਕੀਤਾ ਹੈ। ਜਿਸ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਕਿਸੇ ਵੀ ਸਮਾਜ ਦਾ ਲੋਕ ਸਾਹਿਤ ਉੱਥੋਂ ਦੇ ਸਮਾਜ ਦੇ ਲੋਕਧਾਰਾ ਦੀ ਅਭਿਵਿਅਕਤੀ ਕਰਦਾ ਹੈ। ਲੋਕ ਸਾਹਿਤ ਤੇ ਸਮਾਜ ਦੋਵੇਂ ਆਪਸ ਵਿਚ ਅੰਤਰ ਸੰਬੰਧਿਤ ਹਨ। ਲੋਕ ਸਾਹਿਤ ਵਿਚੋਂ ਕਿਸੇ ਸਮਾਜ ਦੀ ਲੋਕਧਾਰਾ ਜਾਂ ਸਭਿਆਚਾਰ ਬਾਰੇ ਜਾਣਿਆ ਜਾ ਸਕਦਾ ਹੈ ਤੇ ਸਮਾਜ ਹੀ ਲੋਕ ਸਾਹਿਤ ਨੂੰ ਸਿਰਜਣ ਵਿਚ ਕੱਚੀ ਸਮੱਗਰੀ ਪ੍ਰਦਾਨ ਕਰਦਾ ਹੈ। ਸ਼ਗਨਾਂ ਵੇਲਾ ਲੋਕ-ਗੀਤ ਸੰਗ੍ਰਹਿ ਪੰਜਾਬ ਦੀ ਲੋਕਧਾਰਾ ਨੂੰ ਵਿਅਕਤ ਕਰਦਾ ਹੈ ਅਤੇ ਅਜੋਕੇ ਪੰਜਾਬ ਨੂੰ ਪੁਰਾਣੇ ਪੰਜਾਬ ਦੀ ਯਾਦ ਦਿਵਾਉਂਦੇ ਹਨ। ਪੰਜਾਬ ਦੀ ਲੋਕਧਾਰਾ ’ਤੇ ਖੇਤੀ ਦਾ ਵਧੇਰਾ ਪ੍ਰਭਾਵ ਪਿਆ ਹੈ, ਜਿਸ ਕਾਰਨ ਲੋਕ ਸਾਹਿਤ ਵਿਚ ਪੰਜਾਬੀ ਕਿਸਾਨੀ ਪਰਿਵਾਰ, ਰਹਿਣ-ਸਹਿਣ, ਲੋਕ-ਜੀਵਨ, ਸਾਕਾਚਾਰੀ, ਲੋਕ-ਧੰਦੇ, ਲੋਕ-ਵਿਸ਼ਵਾਸ ਅਤੇ ਰਹੁ-ਰੀਤਾਂ ਆਦਿ ਦੀ ਝਲਕ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਦੇਖੀ ਜਾ ਸਕਦੀ ਹੈ। ਇਸ ਲੋਕ-ਗੀਤ ਸੰਗ੍ਰਹਿ ਰਾਹੀਂ ਪੰਜਾਬ ਦੇ ਸਭਿਆਚਾਰ ਨੂੰ ਜਾਣਿਆ ਜਾ ਸਕਦਾ ਹੈ।

ਸ਼ਗਨਾਂ ਵੇਲਾ ਲੋਕ-ਗੀਤ ਸੰਗ੍ਰਹਿ, ਆਪਣੇ ਆਪ ਵਿਚ ਇੱਕ ਬਹੁਤ ਵੱਡਾ ਮਹੱਤਵ ਰੱਖਦਾ ਹੈ। ਪੂੰਜੀਵਾਦੀ ਤੇ ਵਿਸ਼ਵੀਕਰਨ ਦੇ ਪ੍ਰਭਾਵ ਵਾਲਾ ਪੰਜਾਬ, ਆਪਣੇ ਮੂਲ ਸਭਿਆਚਾਰ ਨੂੰ ਭੁਲਦਾ ਜਾ ਰਿਹਾ ਹੈ। ਅੱਜ ਦੇ ਸਮੇਂ ਵਿਚ ਖੁਸ਼ੀ, ਗ਼ਮੀ ਦੇ ਮੌਕੇ ’ਤੇ ਪੁਰਣੇ ਪੰਜਾਬ ਵਾਲੀਆਂ ਰਸਮਾਂ ਰਿਵਾਜ਼ਾਂ ਵਿਚ ਤਬਦੀਲੀ ਆ ਗਈ ਹੈ। ਵਿਆਹ ਦੇ ਮੌਕੇ ’ਤੇ ਇਨ੍ਹਾਂ ਲੋਕ ਗੀਤਾਂ ਦੀ ਵਰਤੋਂ ਘੱਟ ਤੇ ਡੀ.ਜੇ ਦੀ ਵਰਤੋਂ ਵੱਧ ਹੋ ਗਈ। ਰਿੰਗ ਸਰਮਨੀ ਦੀ ਇੱਕ ਵਾਧੂ ਰਸਮ ਪੰਜਾਬ ਦੀਆਂ ਰਸਮਾਂ-ਰਿਵਾਜ਼ਾਂ ਵਿਚ ਜੁੜ ਗਈ ਹੈ। ਵਿਆਹ ’ਤੇ ਕੇਕ ਕੱਟਣਾ ਵੀ ਪੱਛਮੀ ਸਭਿਆਚਾਰ ਦਾ ਪ੍ਰਭਾਵ ਹੀ ਹੈ। ਮਰਗ ਦੇ ਵੇਲੇ ਪਹਿਲਾ ਕਿੰਨ੍ਹੇ-ਕਿੰਨ੍ਹੇ ਦਿਨ ਮਕਾਣ ਆਉਂਦੀ ਸੀ ਪਰ ਅੱਜ ਦੇ ਪੂੰਜੀਵਾਦੀ ਦੌਰ ਵਿਚ ਸਮੇਂ ਦੀ ਘਾਟ ਕਾਰਨ ਇਹ ਰਿਵਾਜ਼ ਵੀ ਘੱਟ ਗਿਆ। ਸੋ ਇਸ ਤਰ੍ਹਾਂ ਪੰਜਾਬੀ ਸਭਿਆਚਾਰ ਨੇ ਪੱਛਮ ਦੇ ਪ੍ਰਭਾਵ ਨੂੰ ਕਬੂਲਿਆ। ਅੱਜ ਦੀ ਨੌਜੁਆਨ ਪੀੜ੍ਹੀ ਵਿਰਾਸਤ ਚੋਂ ਮਿਲੇ ਲੋਕ ਗੀਤਾਂ ਨੂੰ ਭੁਲਦੀ ਜਾ ਰਹੀ ਹੈ ਲੋਕਧਾਰਾ ਦਾ ਸਭ ਤੋਂ ਮਹੱਤਵ ਪੂਰਨ ਪਹਿਲੂ ਨਿਰੰਤਰ ਗਤੀਸ਼ੀਲ ਜਾਂ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਣਾ ਹੁੰਦਾ ਹੈ। ਨਿਰੰਤਰ ਗਤੀਸ਼ੀਲ ਕਾਰਨ ਹੀ ਅੱਜ ਦੇ ਸਮੇਂ ਵਿਚ ਉਹ ਲੋਕ ਗੀਤ ਵੀ ਮਿਲਦੇ ਹਨ ਜੋ ਅੱਜ ਤੋਂ ਕਈ ਸਾਲ ਪਹਿਲਾਂ ਸਿਰਜੇ ਗਏ। ਲੋਕ ਗੀਤਾਂ ਦੀ ਇੱਕ ਮੁੱਖ ਵਿਸ਼ੇਸਤਾ ਇਹ ਵੀ ਹੈ ਕਿ ਇਹ ਮੌਖਿਕ ਹੁੰਦੇ ਹਨ ਬੇਸ਼ੱਕ ਪਰਮਜੀਤ ਕੌਰ ਨੂਰ ਨੇ ਇਨ੍ਹਾਂ ਲੋਕ ਗੀਤਾਂ ਨੂੰ ਇੱਕਠਾ ਕਰ ਕੇ ਇੱਕ ਸੰਗ੍ਰਹਿ ਦੇ ਰੂਪ ਵਿਚ ਛਪਵਾਇਆ ਹੈ ਪਰ ਨੂਰ ਤੋਂ ਵੀ ਇਹ ਲੋਕ ਗੀਤ ਮੌਖਿਕ ਰੂਪ

ਵਿਚ ਉਨ੍ਹਾਂ ਦੀਆਂ ਮਾਸੀਆਂ ਤੇ ਹੋਰ ਰਿਸ਼ਤੇਦਾਰਾਂ ਤੋਂ ਹੀ ਪਹੁਚੇ ਹਨ ਜਿਸ ਨੂੰ ਕਲਮ ਬੱਧ ਕਰ ਕੇ ਉਨ੍ਹਾਂ ਨੇ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਪ੍ਰਕਾਸ਼ਿਤ ਕੀਤਾ।

ਲੋਕ ਸਾਹਿਤ ਤੇ ਸਮਾਜ ਨੂੰ ਅਲੱਗ ਨਹੀਂ ਕਰ ਸਕਦੇ। ਸਮਾਜ ਲੋਕ ਸਾਹਿਤ ਨੂੰ ਸਿਰਜਨ ਵਿਚ ਅਹਿਮ ਭੂਮਿਕਾ ਨਿਭਉਂਦਾ ਹੈ। ਪੰਜਾਬ ਦੀ ਲੋਕਧਾਰਾ ਦੀ ਪੇਸ਼ਕਾਰੀ ਵੀ ਪੰਜਾਬ ਦੇ ਲੋਕ ਸਾਹਿਤ ਵਿਚ ਸਾਫ਼ ਝਲਕਦੀ ਹੈ। ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਪੰਜਾਬ ਦੀ ਲੋਕਧਾਰਾ ਦਾ ਖੁੱਲ੍ਹਾ ਪ੍ਰਗਟਾਅ ਕੀਤਾ ਹੈ।

ਪ੍ਰੋ. ਪਰਮਜੀਤ ਕੌਰ ਨੇ ਆਪਣੀ ਸਾਹਿਤਕ ਯਾਤਰਾ ਦੌਰਾਨ ਬਹੁਤ ਸਾਰੀਆਂ ਰਚਨਾਵਾਂ ਲਿਖੀਆਂ। ਉਨ੍ਹਾਂ ਨੇ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਵਿਚ ਆਪਣਾ ਯੋਗਦਾਨ ਪਾਇਆ। ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਵਿਚ ਉਨ੍ਹਾਂ ਨੇ ਪੰਜਾਬ ਦੇ ਲੋਕ-ਗੀਤਾਂ ਨੂੰ ਇਕੱਤਰ ਕੀਤਾ।

ਕੁਲ ਮਿਲਾ ਕਿ ਕਿਹਾ ਜਾ ਸਕਦਾ ਹੈ ਕਿ ਪ੍ਰੋ. ਪਰਮਜੀਤ ਕੌਰ ਨੂਰ ਦੁਆਰਾ ਲੋਕ ਗੀਤਾਂ ਦਾ ਜੋ ਸੰਗ੍ਰਹਿ ਇਕੱਤਰ ਕੀਤਾ ਗਿਆ ਹੈ ਉਹ ਪੰਜਾਬੀ ਵਿਰਸੇ ਅਤੇ ਪੁਰਾਣੇ ਪੰਜਾਬੀ ਦੀ ਹੂ ਬਹੂ ਤਸਵੀਰ ਦੀ ਪੇਸ਼ਕਾਰੀ ਕਰਦਾ ਹੈ। ਇਨ੍ਹਾਂ ਲੋਕ ਗੀਤਾਂ ਵਿਚ ਜਿੱਥੇ ਪੰਜਾਬੀ ਸਭਿਆਚਾਰ ਦੀ ਭਰਪੂਰ ਪੇਸ਼ਕਾਰੀ ਹੋਈ ਮਿਲਦੀ ਹੈ ਉਥੇ ਦੂਜੇ ਪਾਸੇ ਪੰਜਾਬੀ ਸੁਭਾਅ ਦੀ ਤਰਜ਼ਮਾਨੀ ਕਰਦੀ ਜੀਵਨ ਜਾਚ ਹੈ। ਇਸ ਜੀਵਨ ਜਾਚ ਵਿਚ ਪੰਜਾਬੀ ਲੋਕ ਮਨ ਦੀਆਂ ਸਧਰਾਂ, ਭਾਵ, ਜਜ਼ਬਾਤ, ਮਾਨਸਿਕ ਵਲਵਲੇ, ਰੀਝਾਂ, ਹੇਰਵਾ ਮਿਲਾਪ ਅਤੇ ਵਿਛੋੜੇ ਦੀ ਕਸਕ ਹਨ। ਇਸ ਸਭ ਕਾਸੇ ਦੇ ਪਿਛੋਕੜ ਵਿਚ ਪ੍ਰੋ. ਪਰਮਜੀਤ ਕੌਰ ਨੂਰ ਦਾ ਮੁੱਖ ਆਸ਼ਾ ਇਕ ਚੰਗੇਰੇ ਸਮਾਜ ਅਤੇ ਪੰਜਾਬੀ ਵਜੂਦ ਦੀ ਸਿਰਜਣਾ ਕਰਨਾ ਹੈ। ਇਸ ਕਾਰਜ ਵਿਚ ਪ੍ਰੋ. ਨੂਰ ਦਾ ਸਾਰਥਿਕ ਉਪਰਾਲਾ ਇਹ ਹੈ ਕਿ ਸ਼ਗਨਾਂ ਵੇਲਾ ਪੁਸਤਕ ਦਾ ਆਧਾਰ ਪੰਜਾਬੀ ਲੋਕ ਮਾਨਸਿਕਤਾ ਹੈ। ਦਰਅਸਲ ਲੋਕ ਮਾਨਸਿਕਤਾ ਨੇ ਹੀ ਅਗਲੇਰੇ ਸਮਾਜ ਦੀ ਸਿਰਜਣਾ ਕਰਨੀ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪ੍ਰੋ. ਨੂਰ ਇਸ ਲੋਕਗੀਤਾਂ ਦੀ ਸ਼ਗਨਾਂ ਵੇਲਾ ਲੋਕ ਗੀਤ ਸੰਗ੍ਰਹਿ ਦੀ ਪੁਨਰ ਸਿਰਜਣ ਕਰਨ ਵਿਚ ਸਫ਼ਲ ਰਹੇ ਹਨ।

# ਸਹਾਇਕ ਪੁਸਤਕ ਸੂਚੀ


1. ਕਰਮਜੀਤ ਸਿੰਘ, ਪੰਜਾਬੀ ਲੋਕਧਾਰਾ ਸਮੀਖਿਆ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2012
2. ਕੈਰੋਂ, ਜੋਗਿੰਦਰ ਸਿੰਘ, ਪੰਜਾਬੀ ਸਾਹਿਤ ਦਾ ਲੋਕਧਾਰਾਈ ਪਿਛੋਕੜ, ਦਿੱਲੀ, ਪੰਜਾਬੀ ਅਕਾਦਮੀ, 2006
3. ਖਹਿਰਾ, ਭੁਪਿੰਦਰ ਸਿੰਘ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪਟਿਆਲਾ, ਪੈਪਸੂ ਬੁੱਕ ਡਿਪੂ, 2004
4. ਗਾਸੋ, ਓਮ ਪ੍ਰਕਾਸ਼, ਪੰਜਾਬੀ ਸਭਿਆਚਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ,2000
5. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2000
6. ਗੁਰਬਚਨ ਕੌਰ, ਦੇਵਿੰਦਰ ਸਤਿਆਰਥੀ ਦਾ ਲੋਕ ਕਾਵਿ ਸ਼ਾਸਤਰ, ਦਿੱਲੀ, ਮਨਪ੍ਰੀਤ ਪ੍ਰਕਾਸ਼ਨ, 2012
7. ਘੁੰਮਣ, ਬਿਕਰਮ ਸਿੰਘ, ਪੰਜਾਬੀ ਲੋਕ ਸਾਹਿਤ ਅਤੇ ਮੱਧਕਾਲੀ ਕਵਿਤਾ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 1997
8. ਜੋਸ਼ੀ, ਜੀਤ ਸਿੰਘ, ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਕਾਰ, ਲੁਧਿਆਣਾ, ਲੁਹੌਰ ਬੁੱਕ ਸ਼ਾਪ, 2014
9. ਪੂਨੀ, ਬਲਬੀਰ ਸਿੰਘ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫ਼ਾਉਂਡੇਸ਼ਨ, 2010
10. ਨੂਰ, ਪਰਮਜੀਤ ਕੌਰ, ਸ਼ਗਨਾਂ ਵੇਲਾ, ਲੁਧਿਆਣਾ, ਇੰਟਰਨੈਸ਼ਨਲ ਪੰਜਾਬੀ ਲੋਕ ਵਿਰਾਸਤ ਅਕਾਡਮੀ, 2016
11. ਨੂਰ, ਜਾਗੀਰ ਸਿੰਘ, ਪੰਜਾਬੀ ਸਭਿਆਚਾਰ : ਮੂਲ ਪਛਾਣ, ਨੈਸ਼ਨਲ ਬੁਕ ਟਰੱਸਟ, ਇੰਡੀਆ, 2008